


www.PunjabiLibrary.com

ਮੁਹੱਬਤ ਦੇ ਰੰਗ,

ਭਾਗ : ਪਹਿਲਾ

ਪਿਆਰ ਸ਼ਬਦ ਸੁਣਿਆ ਤਾਂ ਬਹੁਤ ਸੀ, ਪਰ ਪਤਾ ਨਹੀਂ ਸੀ ਕਿ ਅਸਲ ਵਿਚ ਇਹ ਹੁੰਦਾ ਕਿ ਹੈ, ਮੈਂ ਇੱਕ ਅੜਬ ਜਿਹੇ ਸੁਭਾਅ ਵਾਲਾ ਮੁੰਡਾ ਸੀ, ਮੈਨੂੰ ਨਹੀਂ ਸੀ ਲੱਗਦਾ ਕਿ ਕਦੇ ਮੈਨੂੰ ਵੀ ਇਹ ਪਿਆਰ ਪਿਉਰ ਜਿਹਾ ਵੀ ਹੋ ਜਾਵੇਗਾ, ਸਗੋਂ ਮੈਨੂੰ ਤਾਂ ਆਪਣੇ ਯਾਰਾਂ ਦੋਸਤਾਂ ਤੋਂ ਵੇਹਿਲ ਹੀ ਨਹੀਂ ਸੀ,ਮਿਲਦੀ...ਬਸ ਸਾਡੀ ਤਾਂ ਏਹੀ ਜ਼ਿੰਦਗੀ ਸੀ, ਅਸੀਂ ਸਕੂਲੋਂ ਸਿੱਧਾ ਘਰ ਤੇ ਘਰ ਤੋਂ ਸਿੱਧਾ ਖੇਤ ...

ਘਰ ਵੜਦੇ ਸਾਰ ਹੀ ਬਸਤਾ ਦੂਰੋਂ ਹੀ ਚਲਾਵਾਂ ਮਾਰਨਾ ਅਲਮਾਰੀ ਵਿੱਚ, ਬੇਬੇ ਨੇ ਆਖਣਾ, ਪੁੱਤ ਏਵੇਂ ਨਹੀਂ ਸੁੱਟਦੇ ਹੁੰਦੇ ਪੜਾਈ ਵਾਲਾ ਬਸਤਾ,ਜੇ ਹੁਣ ਦੁਬਾਰਾ ਸੁੱਟਿਆ ਨਾ, ਤਾਂ ਮੈਂ ਤੇਰੇ ਬਾਪੂ ਨੂੰ ਦੱਸ ਦੇਣਾ ਏ,ਪਰ ਆਪਾਂ ਪੱਕੇ ਢੀਡ ਸੀ, ਕਿੱਥੇ ਸੁਣਦੇ ਸੀ ਕਿਸੇ ਦੀ... ਬਾਪੂ ਨੇ ਇੱਕ ਅੱਧੀ ਵਾਰ ਖੜਕਾਇਆ ਵੀ...ਪਰ ਆਪਾਂ ਕਿੱਥੇ ਸੁਧਰਨਾ ਸੀ,ਬਸ ਘਰ ਵੜਦੇ ਸਾਰ ਹੀ ਬਿਨਾਂ ਰੋਟੀ,ਚਾਹ ਪਾਣੀ ਪੀਏ...ਕੋਠੇ ਤੇ ਚੜ... ਕਬੂਤਰ ਉਡਾਉਂਣ ਲੱਗ ਜਾਣਾ... ਅੰਤਾਂ ਦੀ ਧੁੱਪ... ਆਪਾਂ ਫ਼ੱਕਰ ਜੇ ਹੋਏ...ਛੱਤਰੀ ਨੂੰ ਹਲੂਣਦੇ ਰਹਿਣਾ...ਐਨੇ ਵਿਚ ਮੇਰਾ ਪੱਕਾ ਯਾਰ... ਤਨੂੰ ਆ ਜਾਂਦਾ... ਉਸਨੇ ਇੱਕ ਗੱਲ ਹੀ ਕਹਿਣੀ ਦਲਦੀਪ ਉਏ ਆਜਾ ਖੇਤ ਚੱਲੀਏ... ਫੋਟੋਆਂ ਖਿੱਚਾਂਗੇ...ਉਸਦੇ ਤਾਏ ਦਾ ਮੁੰਡਾ ਬਾਹਰਲੇ ਮੁਲਕ ਗਿਆ ਹੋਇਆ ਸੀ,ਉਸਨੇ ਭੇਜਿਆ ਸੀ ਮੋਬਾਇਲ , ਵੀ ਚੱਲ ਘਰ ਗੱਲ ਕਰ ਲਿਆਂ ਕਰਾਂਗਾ...ਪਰ ਕਿੱਥੇ ਜਿੱਥੇ ਤਨੂੰ ਵਰਗਾ ਬੰਦਾ ਹੋਵੇ... ਮੋਬਾਈਲ ਤਾਂ ਕੀ ਮੋਬਾਈਲ ਦਾ ਵਜੂਦ ਵੀ ਨਹੀਂ ਰਹਿੰਦਾ... ਬਾਈ ਨੇ ਦੋ ਮਹੀਨਿਆਂ ਵਿਚ ਹੀ ਮੋਬਾਈਲ ਦਾ ਵਜੂਦ ਖਤਮ ਕਰਤਾ.. ਮਤਲਬ ਵੀ ਉਸਦੀ ਡਾਕਟਰੀ ਕਰ ਕਰ

ਉਸਨੂੰ ਇਦਾਂ ਖ਼ਰਾਬ ਕੀਤਾ ਵੀ ਕਿਸੇ ਮੋਬਾਇਲ ਠੀਕ ਕਰਨ ਵਾਲੇ ਤੋਂ ਵੀ ਉਹ ਠੀਕ ਨਾ ਹੋਇਆ...

ਬਾਰ੍ਹਵੀਂ ਜਮਾਤ ਸੀ ਮੈਂ, ਜਦੋਂ ਮੇਰੇ ਵੱਡੇ ਭਰਾ ਨੇ ਆਪਣਾ ਪੁਰਾਣਾ ਫੋਨ ਮੈਨੂੰ ਦੇ ਦਿੱਤਾ, ਤਨੂੰ ਨੇ ਵੀ ਰੋ ਪਿੱਟ ਹੋਰ ਫੋਨ ਮੰਗਵਾ ਲਿਆ, ਅਸੀਂ ਬਾਰਵੀਂ ਜਮਾਤ ਫੇਸਬੁੱਕ ਤੇ ਫੋਟੋਆਂ ਪਾਉਦਿਆਂ ਹੀ ਕੱਢ ਦਿੱਤੀ, ਤਨੂੰ ਬਾਰਵੀਂ ਵਿੱਚੋਂ ਫੇਲ ਹੋ ਗਿਆ ਤੇ , ਮੈਂ ਪੰਜਾਬੀ ਦੇ ਇਕ ਪੇਪਰ ਚੋਂ ਰਹਿ ਗਿਆ,ਚੱਲੋ ਰੱਬ ਦੀ ਮੇਹਰ ਸਦਕਾ, ਅਗਲੀ ਵਾਰ ਪਹਿਲੀ ਵਾਰੀ ਵਿਚ ਹੀ ਪੇਪਰ ਪਾਸ ਹੋ ਗਿਆ, ਸਾਡੇ ਪਿੰਡ ਤੋਂ ਦੱਸ ਕੂ ਕਿਲੋਮੀਟਰ ਦੀ ਦੂਰੀ ਤੇ ਇੱਕ ਕਾੱਲਜ ਸੀ, ਆਪਾਂ ਉਸ ਵਿਚ ਬੀ.ਏ ਵਿਚ ਦਾਖ਼ਲਾ ਭਰ ਦਿੱਤਾ, ਮੈਂ ਮੇਰੇ ਪਿੰਡੋਂ ਇਸ ਕਾਲਜ ਵਿੱਚ ਇੱਕਲਾ ਹੀ ਸੀ,ਪਹਿਲੇ ਹਫ਼ਤੇ ਹੀ ਮੇਰੇ ਦੋ ਯਾਰ ਬਣ ਗਏ,ਇੱਕ ਦਾ ਨਾ ਸੀ ਪੀਤੀ( ਗੁਰਦੀਪ )ਤੇ ਦੂਸਰੇ ਦਾ ਨਾਂ ਸੀ ਛਿੰਦਾ ( ਸੁਖਵਿੰਦਰ),
ਪੀਤੀ ਦਾ ਪਿੰਡ ਮੇਰੇ ਪਿੰਡ ਦੇ ਨਾਲਦਾ ਹੀ ਸੀ, ਪਰ ਛਿੰਦਾ ਦੱਸ ਕਿ ਕਿਲੋਮੀਟਰ ਹੋਰ ਦੂਰ ਪਿੰਡ ਤੋਂ ਸੀ।

ਕਾਲਜ ਵਿੱਚ ਜੇਕਰ ਕੋਈ ਵੀ ਲੜਾਈ ਹੁੰਦੀ,ਉਸ ਵਿਚ ਕਿਸੇ ਨਾ ਬਹਾਨੇ ਸਾਡਾ ਨਾਂ ਆ ਹੀ ਜਾਣਾ, ਕਿਉਂਕਿ ਅਸੀਂ ਥੋੜੇ ਸ਼ਰਾਰਤੀ ਜਿਹੇ ਬੰਦੇ ਸੀ, ਪੜਾਈ ਪੱਖੋਂ ਅਸੀਂ ਤਿੰਨੇ ਹੀ ਇੱਕੋ ਜਿਹੇ ਸੀ, ਬੇਸ਼ੱਕ ਪੜਦੇ ਘੱਟ ਸੀ ,ਪਰ ਕਦੇ ਵੀ ਕੋਈ ਕਲਾਸ ਛੱਡੀ ( ਮਿਸ)ਨਹੀਂ ਸੀ, ਇੱਕ ਦਿਨ ਮੈਂ ਤੇ ਪੀਤੀ ਦੋਵੇਂ ਬੈਠੇ ਪੰਜਾਬੀ ਦਾ ਲੈਕਚਰ ਲਗਵਾ ਰਹੇ ਸੀ,ਉਸ ਦਿਨ ਛਿੰਦਾ ਕਾਲਜ ਆਇਆ ਨਹੀਂ ਸੀ,ਸਾਡਾ ਸਾਰਾ ਧਿਆਨ ਮੈਡਮ ਦੇ ਵੱਲ ਸੀ, ਕਿਉਂਕਿ ਇੱਕ ਤਾਂ ਉਹੁ ਕਿਸੇ ਨੂੰ ਕੁਝ ਕਹਿੰਦੇ ਨਹੀਂ ਸਨ ਤੇ ਦੂਸਰਾ ਉਹ ਬੋਲਦੇ ਬੜਾ ਹੀ ਪਿਆਰਾ ਸੀ, ਅਚਾਨਕ ਹੀ ਸੁੱਖੀ ਆਇਆ, ਭੱਜਿਆ ਭੱਜਿਆ...ਦਲਦੀਪ ਉਏ..ਉਏ ਪੀਤੀ...ਉਏ ਸੋਡਾ ਯਾਰ ਛਿੰਦਾ

ਕਿਸੇ ਨੇ ਕੁੱਟ ਕੇ ਕਾਲਜ ਦੇ ਬਾਹਰ ਸੁੱਟ ਦਿੱਤਾ, ਮੈਂ ਭੱਜ ਕਿ ਉੱਠਿਆ ਪਰ ਮੇਰੇ ਤੋਂ ਪਹਿਲਾਂ ਪੀਤੀ ਘੋੜੇ ਵਾਂਗ ਦੌੜਿਆ, ਮੈਂ ਜਦੋਂ ਕਲਾਸ ਦੇ ਗੇਟ ਚੋਂ ਬਾਹਿਰ ਨਿਕਲਣ ਲੱਗਾ ਤਾਂ ਮੈਂ ਇੱਕ ਸੋਹਣੀ ਜਿਹੀ ਕੁੜੀ ਦੇ ਨਾਲ ਜਾ ਟਕਰਾਇਆ,ਜੋ ਵੇਖਣ ਤੋਂ ਇੰਝ ਲੱਗ ਰਿਹਾ ਸੀ, ਅੱਜ ਪਹਿਲੀ ਵਾਰ ਕਾਲਜ ਆਈ ਹੈ ਤੇ ਪਹਿਲੇ ਹੀ ਲੈਕਚਰ ਲਈ ਲੇਟ ਹੋ ਗਈ, ਉਸ ਦੀਆਂ ਥੱਲੇ ਡਿੱਗਿਆ ਕਿਤਾਬਾਂ ਨੂੰ ਮੈਂ ਜਲਦੀ ਜਲਦੀ ਫੜਾ,ਪੀਤੀ ਦੇ ਮਗਰ ਹੀ ਦੌੜਿਆ ਅੱਗੇ ਜਾ ਵੇਖਿਆ ਤਾਂ ਛਿੰਦਾ ਕੰਨਟੀਨ ਤੇ ਬੈਠਾ ਮੌਜਾਂ ਨਾ ਆਪਣੀ ਸਹੇਲੀ ਨਾਲ ਚਾਹ ਪੀ ਰਿਹਾ ਸੀ, ਮੈਂ ਤੇ ਪੀਤੀ ਸੁੱਖੀ ਨੂੰ ਲੱਭ ਰਹੇ ਸੀ, ਅਸੀਂ ਬਿਨਾਂ ਛਿੰਦੇ ਨੂੰ ਬੁਲਾਏ, ਦੁਬਾਰਾ ਕਲਾਸ ਵਿੱਚ ਚਲੇ ਗਏ, ਪੰਜਾਬੀ ਵਾਲੀ ਮੈਡਮ ਸਾਡੇ ਵਾਪਿਸ ਮੁੜ ਆਉਣ ਨਾਲ ਅਸਚਰਜੀ ਨਾਲ ਵੇਖ ਰਹੀ ਸੀ , ਤੇ ਉਹ ਕੁੜੀ ਜੋ ਮੇਰੇ ਨਾਲ ਕਲਾਸ ਦੇ ਬਾਹਿਰ ਟਕਰਾਈ ਸੀ, ਉਹ ਆ ਉਸ ਬੈਂਚ ਤੇ ਬੈਠ ਗਈ ਜਿੱਥੇ ਮੈਂ ਬੈਠਦਾ ਹੁੰਦਾ...ਪਰ ਆਪਾਂ ਵੀ ਬੇਸ਼ਰਮ ਵਿਚ ਆਪਾਂ ਵੀ ਉਹਦੇ ਨਾਲ ਹੀ ਜਾ ਬੈਠੇ...ਉਹ ਕੌੜਾ ਜਿਹਾ ਮੂੰਹ ਬਣਾ ਮੇਰੇ ਵੱਲ ਵਾਰ ਵਾਰ ਘੂਰੀ ਵੱਟ ਰਹੀ ਸੀ, ਤੇ ਪੰਜਾਬੀ ਵਾਲ਼ੀ ਮੈਡਮ ਮੇਰੇ ਉੱਪਰ ਹੱਸ ਰਹੀ ਸੀ, ਐਨੇ ਵਿਚ ਹੀ ਲੈਕਚਰ ਖਤਮ ਹੋ ਗਿਆ... ਅਸੀਂ ਸਾਰੇ ਕੰਨਟੀਨ ਵੱਲ ਚਲੇ ਗਏ, ਮੈਂ ਪੀਤੀ ਨੂੰ ਪੁੱਛਿਆ ਪਤਾ ਕਰ ਇਹ ਕੁੜੀ ਕੌਣ ਆ,ਪੀਤੀ ਏਹੋ ਜਿਹੇ ਕੰਮਾਂ ਚ ਮਾਹਿਰ ਸੀ, ਪਰ ਮੈਨੂੰ ਨਹੀਂ ਸੀ ਪਤਾ ਮੈਨੂੰ ਪਿਆਰ ਹੀ ਇਸੇ ਕੁੜੀ ਨਾਲ ਹੋਵੇਗਾ

ਪੀਤੀ ਨੇ ਪਤਾ ਕਰਿਆ ਕਿ ਇਸ ਦਾ ਨਾਂ ਜੰਨਤ ਹੈ, ਖ਼ੁਸ਼ਕਿਸਮਤੀ ਦੀ ਗੱਲ ਇਹ ਹੈ ਕਿ ਇਹ ਛਿੰਦੇ ਦੇ ਪਿੰਡ ਦੀ ਹੈ,ਤੇ ਆਪਣੀ ਕਲਾਸ ਵਿੱਚ ਨਵੀਂ ਤੇ ਅਜੇ ਤੀਕ ਉਸਦਾ ਕੋਈ ਵੀ ਦੋਸਤ ਨਹੀਂ ਬਣਿਆ ਹੈ, ਪੀਤੀ ਹਰ ਗੱਲ ਨੂੰ ਮਸਾਲਾ ਲਾ ਲਾ ਦੱਸਦਾ ਸੀ, ਮੈਨੂੰ ਉਹਦੀਆਂ ਗੱਲਾਂ ਸੁਣ ਕੇ ਬੜਾ ਹਾਸਾ ਵੀ ਆਉਂਦਾ,
ਅਸੀਂ ਸਵੇਰੇ ਜਲਦੀ ਹੀ ਚਲੇ ਜਾਂਦੇ ਸੀ ਕਾਲਜ...

ਮੈਂ ਤੇ ਪੀਤੀ ਦੋਵੇਂ ਆਖ਼ਰੀ ਬਿਲਡਿੰਗ ਦੀ ਛੱਤ ਤੇ ਬੈਠੇ, ਜੰਨਤ ਬਾਰੇ ਸੋਚ ਰਹੇ ਸੀ,ਕਿ ਉਸਨੂੰ ਕਿਵੇਂ ਬੁਲਾਇਆ ਜਾਵੇ, ਐਨੇ ਵਿਚ ਹੀ ਛਿੰਦੇ ਦਾ ਫੋਨ ਆਇਆ...ਉਏ ਦਿਲਦੀਪ ਕਿੱਥੋਂ ਹੋ ਤੁਸੀਂ ਯਰ...

ਮੈਂ : ਆਖ਼ਰੀ ਬਿਲਡਿੰਗ ਦੀ ਛੱਤ ਤੇ ਆਂ, ਆਜਾ ਤੈਨੂੰ ਇੱਕ ਗੱਲ ਪੁੱਛਣੀ ਆ

ਛਿੰਦਾ : ਅੱਛਾ ਹਜ਼ੂਰ... ਅੱਜ ਤੀਕ ਤਾਂ ਕੋਈ ਪੁੱਛੀ ਨਹੀਂ

ਮੈਂ : ਯਰ ਤੂੰ ਆਜਾ ਜਲਦੀ

ਮੈਂ ਫੋਨ ਕੱਟ ਦਿੱਤਾ, ਛਿੰਦਾ ਆਉਂਦੇ ਸਾਰ ਹੀ ਬੋਲਿਆ , ਕੀ ਗੱਲ...??? , ਹੁਣ ਕਿਹਦੇ ਨਾਲ ਲੜਾਈ ਹੋ ਗਈ, ਜੋ ਐਨੀਆਂ ਸੋਚਾਂ ਵਿਚ ਡੁੱਬੇ ਪਏ ਹੋ,

ਪੀਤੀ ਨੇ ਸਾਰੀ ਗੱਲ ਛਿੰਦੇ ਨੂੰ ਦੱਸ ਦਿੱਤੀ, ਅੱਗੋਂ ਛਿੰਦਾ ਬੋਲਿਆ,ਬਾਈ ਮੈਂ ਤਾਂ ਨਹੀਂ ਜਾਣਦਾ, ਉਸਨੂੰ

ਮੈਂ : ਤੈਨੂੰ ਕਹਿੰਦਾ ਵੀ ਕੌਣ ਆ ਵੀ ਤੂੰ ਉਸਨੂੰ ਜਾਣਦਾ

ਪੀਤੀ : ਹਾਂ ਗੱਲ ਤਾਂ ਸਹੀ ਹੈ

ਛਿੰਦਾ : ਬਾਈ ਮੈਂ ਨੀਂ ਬੁਲਾਉਂਦਾ ਉਹਨੂੰ ਪ੍ਰੀਤ ( ਉਸਦੀ ਸਹੇਲੀ ਦਾ ਨਾਂ ) ਨੂੰ ਪਤਾ ਲੱਗ ਗਿਆ, ਉਸਨੇ ਰੁੱਸ ਜਾਣਾ...

ਅਸੀਂ ਪੰਪ ਪ੍ਰੰਪ ਦੇ ਛਿੰਦੇ ਨੂੰ ਇਹ ਕਹਿ ਜੰਨਤ ਕੋਲ ਭੇਜ ਦਿੱਤਾ ਕਿ ਉਸਨੂੰ ਕਹਿ ਆਵੀਂ ਕਿ ਦੁਬਾਰਾ ਦਿਲਦੀਪ ਦੇ ਬੈਂਚ ਤੇ ਨਾ ਬੈਠੇ... ਉਸਨੇ ਨੇ ਉਵੇਂ ਹੀ ਕਹਿ ਦਿੱਤਾ,ਜੰਨਤ ਨੇ ਵੀ ਅੱਗੋਂ ਠੀਕ ਹੈ, ਕਹਿ ਦਿੱਤਾ...

ਮੈਂ ਬੜਾ ਹੈਰਾਨ ਸੀ, ਕਿਉਂਕਿ ਬਾਕੀ ਕੁੜੀਆਂ ਨੂੰ ਤਾਂ ਜੇਕਰ ਕੋਈ ਐਦਾਂ ਕਹਿ ਦੇਵੇ ਤਾਂ ਕੁੱਟਣ ਤੀਕ ਚਲੀਆਂ ਜਾਂਦੀਆਂ ਨੇ ਤੇ ਧਮਕੀ ਦਿੰਦੀਆਂ ਨੇ ਕਿ ਅਸੀਂ ਪ੍ਰਿੰਸੀਪਲ ਕੋਲ ਚਲੀਆਂ ਜਾਵਾਂਗੀਆਂ, ਪਰ ਮੈਨੂੰ ਜੰਨਤ ਦੀ ਇਹ ਗੱਲ ਦਿਲ ਤੇ ਲੱਗ ਬੈਠੀ...

ਮੈਂ ਸਾਰੀ ਸਾਰੀ ਰਾਤ ਉਹਦਾ ਲੰਮਾ ਜਿਹਾ ਮੂੰਹ ਤੇ ਏ ਕੇ ਸੰਤਾਲੀ (A.K 47)

www.PunjabiLibrary.com

ਵਰਗੀ ਅੱਖ , ਤੇ ਲੰਮੀਂ ਲੰਮੀਂ ਧੌਣ

ਧੌਣ... ਮੈਨੂੰ ਮੁੜ ਮੁੜ ਵਿਖਦਾ ਰਹਿੰਦਾ, ਮੈਨੂੰ ਏਵੇਂ ਲੱਗਦਾ, ਜਿਦਾਂ ਉਹਨੂੰ ਮੇਰੇ ਵਾਂਗੂੰ ਮੇਰੇ ਖਿਆਲ ਆਉਂਦੇ ਹੋਣ... ਮੈਂ ਸਵੇਰੇ ਹੀ ਜਾ ਕਲਾਸ ਵਿੱਚ ਬੈਠ ਜਾਂਦਾ , ਉਸਦੇ ਆਉਣ ਦਾ ਇੰਤਜ਼ਾਰ ਕਰਦਾ,ਸਾਰਾ ਦਿਨ ਉਸਨੂੰ ਵੇਖਦਿਆਂ ਹੀ ਲੰਘ ਜਾਂਦਾ, ਜਦੋਂ ਗੱਲ ਵੱਸ ਤੋਂ ਬਾਹਿਰ ਹੋ ਗਈ, ਮੈਂ ਮੇਰੀ ਖਾਮੋਸ਼ੀ ਦਾ ਰਾਜ,ਪੀਤੀ ਤੇ ਛਿੰਦੇ ਨੂੰ ਦੱਸਿਆ... ਫੇਰ ਕੀ ਹੋਣਾ ਸੀ... ਪੰਦਰਾਂ ਕੁ ਦਿਨਾਂ ਵਿਚ ਉਹਦੇ ਸਾਰੇ ਸੂਟਾਂ ਦੇ ਰੰਗ ਸ਼ੇਕਸਪੀਅਰ ਦੇ ਨਾਟਕਾਂ ਵਾਂਗ ਯਾਦ ਕਰ ਲਏ, ਕਈ ਵਾਰ ਪੱਗ ਨਾਲਦੀ ਨਾ ਬੰਨ੍ਹੀ ਜਾਂਦੀ, ਫੇਰ ਛਿੰਦੇ ਦੀ ਡਿਊਟੀ ਇਸ ਖ਼ਾਸ ਕੰਮ ਤੇ ਲਗਾ ਦਿੱਤੀ ਕਿ ਉਹ ਸਵੇਰੇ ,ਜਦੋਂ ਬੱਸ ਚੜਦੀ ਹੈ,ਉਹ ਇਹ ਦੱਸ ਦੇਵੇ ਕਿ ਅੱਜ ਕਿਹੜੇ ਰੰਗ ਦਾ ਸੂਟ ਪਾਇਆ ਹੈ, ਉਹਦੇ ਪਿੰਡ ਤੋਂ ਮੇਰੇ ਪਿੰਡ ਬੱਸ ਆਉਣ ਤੇ ਅੱਧਾ ਘੰਟਾ ਲੱਗ ਜਾਂਦਾ ਸੀ, ਫੇਰ ਆਪਾਂ ਇਹ ਫਾਰਮੂਲੇ ਨਾਲ ਉਹਦੇ ਨਾਲ ਦੇ ਰੰਗ ਮਿਲਾਉਂਦੇ,ਇਹ ਤਾਂ ਨਹੀਂ ਪਤਾ ਉਹ ਵੇਖਦੀ ਵੀ ਸੀ ਨਾ ਨਹੀਂ, ਪਰ ਜੋ ਮਹਿਸੂਸ ਹੁੰਦਾ ਉਹਦਾ ਕੋਈ ਅੰਤ ਨਹੀਂ ਸੀ,ਬਸ ਉਸਨੂੰ ਸਵੇਰੇ ਬੁਲਾਈ ਸਾਰਾ ਦਿਨ ਸਸਰੀ ਕਾਲ ( ਸਤਿ ਸ੍ਰੀ ਆਕਾਲ) ਹੀ ਮੈਨੂੰ ਚੇਤੇ ਆਈ ਜਾਂਦੀ...

ਫੇਰ ਐਤਵਾਰ ਨੂੰ ਉਹਦੀ ਯਾਦ ਚ ਮੋਟਰ ਤੇ ਬੈਠੇ ਨੇ , ਮੈਂ ਇੱਕ ਸ਼ਾਇਰੀ ਲਿਖੀ....

ਆਸਾ ਪਾਸਾ ਸਭ ਫੇਰ ਲਿਆ
ਉਹਦੀ ਯਾਦ ਨੇ ਮੈਨੂੰ ਘੇਰ ਲਿਆ

ਕੋਈ ਬਣਕੇ ਖ਼ਬਰੇ ਖ਼ਿਆਲ ਆਵੇ
ਉਹਦੇ ਮਨ ਅੰਦਰ ਮੇਰਾ ਸਵਾਲ ਆਵੇ

ਉਹਨੇ ਵੀ ਚੁੰਨੀ ਲਈ ਕਦੇ ਜਾਣ ਬੁੱਝ ਕੇ
ਜਾਂ ਫੇਰ ਮੈਂ ਹੀ ਪੱਗ ਉਹਦੇ ਨਾਲ ਦੀ ਬੰਨ੍ਹੀ ਏ

www.PunjabiLibrary.com

ਸੁਖ ਸਿਆਂ ਪੁੱਛੇ ਕਿਤੋਂ ਮੇਰਾ ਨਾਂ ਤਾਂ ਨਹੀਂ ਲੈਂਦੀ
ਜੋ ਮੋਰਨੀ ਛਾਪੀ ਉਹਦੇ ਕਮੀਜ਼ ਦੀ ਕੰਨੀਂ ਏ

ਮੈਂ ਲਿਖਦਾ ਲਿਖਦਾ ਰੁੱਕ ਜਾਂਦਾ
ਖ਼ਤ ਹਰਰੋਜ਼ ਹੀ ਉਹਦੇ ਨਾਵੇਂ ਘੱਲਣ ਨੂੰ

ਰਹਿੰਦੀ ਫਿੱਕੀ ਜਿੰਦੜੀ ਗੂੜ੍ਹੀ ਹੋ ਜੇ
ਆਖੇਂ ਨਾਲ ਜੇ ਉਹ ਆਪਣੇ ਚੱਲਣ ਨੂੰ

ਕਿਤੇ ਉਸਰਿਆ ਤਾਜ਼ ਖਿਆਲਾਂ ਦਾ
ਬਸ ਖਿਆਲਾਂ ਚ ਹੀ ਨਾ ਰਹਿ ਜਾਵੇ

ਮੈਨੂੰ ਤੇ ਡਰ ਜਿਹਾ ਲੱਗਦਾ ਵਾਹਲਾ
ਕਾਸ਼! ਉਹ ਆਪ ਹੀ ਆ ਕੇ ਕਹਿ ਜਾਵੇ

ਮੈਂ ਪੀਤੀ ਤੇ ਛਿੰਦੇ ਨੂੰ ਦੂਸਰੇ ਦਿਨ ਕਾਲਜ ਜਾ ਸੁਣਾਈ ਉਹ ਬੜਾ ਹੱਸੇ, ਮੈਨੂੰ ਬੜਾ ਦੁੱਖ ਹੋਇਆ, ਮੈਨੂੰ ਏਵੇਂ ਲੱਗਿਆ ਕਿ ਮੇਰਾ ਦਰਦ ਸਮਝਣ ਵਾਲਾ ਕੋਈ ਨਹੀਂ ਆ, ਫੇਰ ਉਸ ਦਿਨ ਮੈਂ ਸਾਰਾ ਦਿਨ ਖਾਮੋਸ਼ ਰਿਹਾ, ਲੈਕਚਰ ਖਤਮ ਹੋ ਕਿ ਹੱਟਿਆ ਸੀ,ਸਾਰੇ ਕਲਾਸ ਵਿੱਚੋਂ ਬਾਹਿਰ ਚਲੇ ਗਈ ਸੀ,ਪਰ ਮੈਂ ਇੱਕਲਾ ਹੀ ਬੈਠਾ ਸੀ ਤੇ ਜੰਨਤ ਆਪਣੀਆਂ ਕਿਤਾਬਾਂ ਵਿਚੋਂ ਪਤਾ ਨਹੀਂ ਕੀ ਲੱਭ ਰਹੀ ਸੀ , ਹੋਰ ਕੋਈ ਵੀ ਕਲਾਸ ਵਿੱਚ ਨਹੀਂ ਸੀ, ਮੇਰਾ ਇੱਕ ਦਿਲ ਤਾਂ ਕਰ ਰਿਹਾ ਸੀ,ਸਭ ਕੁਝ ਕਹਿ ਦੇਵਾਂ ,ਪਰ ਫੇਰ ਡਰ ਜਿਹਾ ਲੱਗਿਆ,ਪਰ ਜੰਨਤ ਨੇ ਖੁਦ ਹੀ ਬੁਲਾ ਲਿਆ... ਕਿਵੇਂ ਆ ਦਿਲਦੀਪ

ਮੈਂ : ਵਧੀਆ ਜੀ ਤੁਸੀਂ ਦੱਸੋ...???

ਜੰਨਤ : ਮੈਂ ਵੀ ਵਧੀਆ, ਮੈਂ ਤੁਹਾਡੇ ਨਾਲ ਇੱਕ ਗੱਲ ਕਰਨੀ ਸੀ।

www.PunjabiLibrary.com

ਮੈਂ : ਮੈਂ ਵੀ ਕਰਨੀ ਸੀ, ਪਰ ਸਮਝ ਨਹੀਂ ਆ ਰਿਹਾ

ਜੰਨਤ : ਤੁਸੀਂ ਦੱਸੋ

ਮੈਂ : ਨਹੀਂ ਤੁਸੀਂ ਦੱਸੋ..??

ਜੰਨਤ : ਦਰਅਸਲ , ਦਿਲਦੀਪ ਮੈਂ ਤੈਨੂੰ ਪਹਿਲੇ ਦਿਨ ਤੋਂ ਪਸੰਦ ਕਰਦੀ ਆਂ, ਜਿਸ ਦਿਨ ਆਪਾਂ ਆਪਸ ਵਿੱਚ ਟਕਰਾਏ ਸੀ , ਪਰ ਮੈਨੂੰ ਏਵੇਂ ਸੀ ਕਿ ਇਹ ਗੱਲ ਤੂੰ ਕਹੇਂਗਾ,

ਮੈਂ : ਜੰਨਤ , ਕਹਿਣਾ ਤਾਂ ਮੈਂ ਵੀ ਏਹੀ ਚਹੁੰਦਾ ਸੀ , ਪਰ ਡਰ ਜਿਹਾ ਲੱਗ ਰਿਹਾ ਸੀ।

ਜੰਨਤ : ਸੱਚੀਂ...

ਇਹ ਆਖ ਉਸਨੇ ਗੱਲਵਕੜੀ ਪਾ ਲਈ..

ਐਨੇ ਵਿਚ ਹੀ ਪੀਤੀ ਤੇ ਛਿੰਦਾ ਆ ਗਏ, ਬਸ....( ਖੜਕਵੀਂ ਜਿਹੀ ਆਵਾਜ਼ ਚ)

ਜੰਨਤ: ਉਕੇ ਫੇਰ ਮਿਲ਼ਦੇ ਆਂ,

ਜੰਨਤ ਦੇ ਕਮਰੇ ਵਿਚੋਂ ਬਾਹਿਰ ਜਾਂਦਿਆਂ ਹੀ, ਅਸੀਂ ਤਿੰਨਾਂ ਨੇ ਆਪਿਸ ਵਿਚ ਜੱਫ਼ੀ ਪਾ ਲਈ,ਬੜੀ ਖੁਸ਼ੀ ਮਹਿਸੂਸ ਹੋ ਰਹੀ ਸੀ, ਏਵੇਂ ਲੱਗ ਰਿਹਾ ਸੀ, ਜਿਵੇਂ ਦੁਨੀਆਂ ਦਾ ਸਭ ਤੋਂ ਅਮੀਰ ਬੰਦਾ ਮੈਂ ਹੋਵਾਂ... ਪੀਤੀ ਤੇ ਛਿੰਦਾ...ਦਿਲਦੀਪ ਦੱਸ ਫੇਰ ਹੁਣ ਪਾਰਟੀ ਕਦੋਂ ਕਰਨੀ ਆ....

ਬਸ ਇਹ ਸੀ ਮੇਰੀ ਮੁਹੱਬਤ ਦੀ ਸ਼ੁਰੂਆਤ, ਫੇਰ ਇੱਕੋ ਬੈਂਚ ਤੇ ਜੰਨਤ ਨਾਲ ਇੱਕਠੇ ਬੈਠਣਾ , ਇੱਕੋ ਟੇਬਲ ਤੇ ਚਾਅ ਪੀਣੀ...ਬਸ ਐਵੇਂ ਲੱਗਦਾ ਸੀ, ਜ਼ਿੰਦਗੀ ਅਸਲ , ਹੈ ਹੀ ਇਹ...ਬੇ.ਏ ਪੂਰੀ ਹੋ ਗਈ...ਜੰਨਤ ਦੇ ਘਰਦਿਆਂ ਨੇ ਉਸਨੂੰ ਅੱਗੇ ਪੜਨ ਨਾ ਲਾਇਆ, ਸਾਡਾ ਮਿਲਣਾਂ ਔਖਾ ਹੋ ਗਿਆ, ਜੰਨਤ ਨੂੰ ਉਸਦੇ ਘਰਦਿਆਂ ਨੇ ਆਈਲੈਟਸ

www.PunjabiLibrary.com

( ielts\'full form☞ International English Language Testing System),
ਕਰਨ ਲਗਾ ਦਿੱਤਾ ਤੇ ਮੈਂ ਵੀ ਨਾਲ ਹੀ ਕਰਨਾ ਸ਼ੁਰੂ ਕਰ ਦਿੱਤਾ, ਚੱਲੋ ਏਸ ਬਹਾਨੇ ਨਾਲ ਅਸੀਂ ਦੋਵੇਂ ਇੱਕ ਦੂਜੇ ਨੂੰ ਮਿਲ ਲੈਂਦੇ... ਜੰਨਤ ਆਈਲੈਟਸ ਵਿਚੋਂ 7.5 ਬੈਂਡ ਲੈ ਗਈ, ਪਰ ਮੇਰਾ ਇੱਕ ਬੈਂਡ ਘੱਟ ਗਿਆ, ਉਸ ਦੇ ਘਰਦਿਆਂ ਨੇ ਜੰਨਤ ਲਈ ਅਜਿਹਾ ਘਰ ਲੱਭਣਾ ਸ਼ੁਰੂ ਕਰ ਦਿੱਤਾ, ਜੋ ਉਸ ਨੂੰ ਪ੍ਰਦੇਸ਼ ਭੇਜ ਦੇਣ, ਤੇ ਆਪਣੀ ਪੜਾਈ ਪੂਰੀ ਕਰਨ ਤੋਂ ਬਾਅਦ ਜੰਨਤ ਉਸ ਮੁੰਡੇ ਨੂੰ ਵੀ ਉੱਥੇ ਬੁਲਾ ਲਵੇਗੀ, ਜੰਨਤ ਨੇ ਇੱਕ ਦਿਨ ਮੈਨੂੰ ਫੋਨ ਕਰਿਆ ਤੇ ਇਹ ਸਭ ਗੱਲ ਦੱਸੀ ਤੇ ਮੈਂ ਆਪਣੇ ਯਾਰ ਛਿੰਦੇ ਨੂੰ ਜੰਨਤ ਕੇ ਘਰ ਮੇਰੇ ਰਿਸ਼ਤੇ ਦੀ ਗੱਲ ਘਰ ਕਰਨ ਨੂੰ ਕਿਹਾ ,ਮੈਂ ਆਪਣੇ ਬਾਪੂ ਨੂੰ ਵੀ ਮਨਾ ਲਿਆ,ਤੇ ਵੱਡੀ ਭੈਣ ਨੂੰ ਜੰਨਤ ਤੇ ਮੇਰੇ ਵਿਚਲੀ ਗੱਲ ਵੀ ਦੱਸ ਦਿੱਤੀ, ਉਹਨਾਂ ਨੇ ਬਾਕੀ ਆਪੇ ਸਾਂਭ ਲਿਆ, ਮੇਰਾ ਜੰਨਤ ਨਾਲ ਵਿਆਹ ਹੋ ਗਿਆ, ਵਿਆਹ ਤੋਂ ਪੰਦਰਾਂ ਦਿਨ ਬਾਅਦ ਹੀ ਉਹ ਕਨੇਡਾ ਚਲੀ ਗਈ, ਉਥੇ ਜਾਣ ਤੋਂ ਬਾਅਦ ਉਸਨੇ ਹੌਲੀ ਹੌਲੀ ਬਦਲਣਾ ਸ਼ੁਰੂ ਕਰ ਦਿੱਤਾ, ਮੈਨੂੰ ਉਥੇ ਬਲਾਉਣਾ ਤਾਂ ਦੂਰ ਉਸਨੇ ਮੇਰਾ ਫੋਨ ਵੀ ਚੁੱਕਣਾ ਬੰਦ ਕਰ ਦਿੱਤਾ, ਇੱਕ ਦਿਨ ਉਸਨੇ ਫੋਨ ਕਰ ਸਾਰੀ ਕਹਾਣੀ ਹੀ ਨਿਬੇੜ ਦਿੱਤੀ... ਮੈਂ ਕਦੇ ਇਹ ਸੋਚਿਆ ਵੀ ਨਹੀਂ ਸੀ, ਮੈਂ ਉਸਨੂੰ ਬਹੁਤ ਹੀ ਜ਼ਿਆਦਾ ਪਿਆਰ ਕਰਦਾ ਸੀ ਤੇ ਉਹ ਵੀ ...ਪਰ ਹੁਣ ਸਭ ਅੱਖਾਂ ਸਾਹਮਣੇ ਸੀ, ਮੈਨੂੰ ਉਸਦੀ ਕਾੱਲ ਤੋਂ ਬਾਅਦ ਦਿਲ ਦਾ ਦੌਰਾ ਪੈ ਗਿਆ, ਮੈਨੂੰ ਹਸਪਤਾਲ ਵਿਚ ਦਾਖਲ ਕਰ ਦਿੱਤਾ ਗਿਆ...

ਡਾਕਟਰ ਨੂੰ ਮੇਰੇ ਘਰਦਿਆਂ ਨੇ ਮੇਰੇ ਨਾਲ ਬੀਤੀ ਸਭ ਦੱਸ ਦਿੱਤੀ, ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਹੂਬਹੂ ਜੰਨਤ ਦੇ ਵਰਗੀ ਪਰ ਉਸ ਤੋਂ ਵੀ ਸੋਹਣੀ ਨਰਸ ਮੇਰੇ ਸਾਹਮਣੇ ਖਲੋਈ ਸੀ,
ਨਰਸ : ਕਿਵੇਂ ਹੋ ਸਰ

ਮੈਂ : ਵਧੀਆ

ਨਰਸ : ਕਿਦਾਂ ਮਹਿਸੂਸ ਹੋ ਰਿਹਾ ਹੁਣ

ਮੈਂ : ਪਹਿਲਾਂ ਨਾਲੋਂ ਠੀਕ

ਨਰਸ : ਆ ਦਵਾਈ ਲੈ ਲਵੋ, ( ਉਸਨੇ ਮੇਰੇ ਇੱਕ ਹੱਥ ਉੱਪਰ ਕੁਝ ਗੋਲੀਆਂ ਧਰੀਆਂ ਤੇ ਦੂਸਰੇ ਹੱਥ ਨਾਲ ਪਾਣੀ ਦਾ ਗਲਾਸ ਮੇਰੇ ਮੂੰਹ ਨੂੰ ਲਗਾ ਦਿੱਤਾ)

ਮੈਨੂੰ ਉਸਦੀ ਆਵਾਜ਼ ਬੜੀ ਹੀ ਸੋਹਣੀ ਲੱਗੀ, ਮੈਂ ਉਸਦੀਆਂ ਅੱਖਾਂ ਵੱਲ ਹੀ ਵੇਖੀ ਜਾ ਰਿਹਾ ਸੀ।ਉਹ ਦਵਾਈ ਦੇ ਕੇ ਜਾਣ ਹੀ ਲੱਗੀ ਸੀ, ਮੈਂ ਉਸਨੂੰ ਪੁੱਛ ਲਿਆ

ਮੈਂ : ਮੈਡਮ ਤੁਹਾਡਾ ਨਾਮ ਕੀ ਹੈ

ਨਰਸ : ਕਮਲ

ਮੈਂ : ਬਹੁਤ ਸੋਹਣਾ ਨਾਮ ਹੈ, ਜਿਵਾਂ ਹੀ ਤੁਹਾਡੇ ਚਿਹਰੇ ਵਰਗਾ ...

ਨਰਸ : ਉਕੇ ਸਰ, ਹੁਣ ਤੁਹਾਨੂੰ ਆਰਾਮ ਦੀ ਲੋੜ ਹੈ, ਤੁਸੀਂ ਆਰਾਮ ਕਰੋ...

ਮੈਂ ਜਿੰਨੇ ਦਿਨ ਹਸਪਤਾਲ ਵਿਚ ਰਿਹਾ, ਕਿਸੇ ਨਾ ਕਿਸੇ ਕਾਰਨ ਉਸਨੇ ਮੈਨੂੰ ਬੁਲਾ ਹੀ ਲੈਣਾ, ਅਖੀਰ ਮੈਨੂੰ ਪਤਾ ਹੀ ਨਹੀਂ ਲੱਗਾ, ਮੈਂ ਕਲਮ ਨੂੰ ਪਿਆਰ ਕਰ ਬੈਠਾ... ਮੈਂ ਇਹ ਗੱਲ ਫੇਰ ਦੁਬਾਰਾ ਆਪਣੀ ਭੈਣ ਨੂੰ ਦੱਸੀ, ਉਹਨਾਂ ਨੇ ਕਲਮ ਨਾਲ ਗੱਲ ਕਰੀ, ਕਲਮ ਨੇ ਕਿਹਾ ਕਿ ਮੈਂ ਪਹਿਲਾਂ ਹੀ ਦਿਲਦੀਪ ਨੂੰ ਪਸੰਦ ਕਰਦੀ ਆਂ, ਉਸਤੋਂ ਬਾਅਦ ਮੇਰਾ ਕਮਲ ਨਾਲ ਵਿਆਹ ਹੋ ਗਿਆ,

ਅੱਜ ਮੇਰੇ ਤੇ ਕਮਲ ਦੇ ਵਿਆਹ ਹੋਏ ਨੂੰ ਦੋ ਸਾਲ ਬੀਤ ਗਏ ਨੇ, ਅਸੀਂ ਆਪਣੀ ਜ਼ਿੰਦਗੀ ਵਿਚ ਬਹੁਤ ਖੁਸ਼ ਹਾਂ,ਕਮਲ ਅੱਜ ਵੀ ਇੱਕ ਡਾਕਟਰ ਹੈ,ਜੋ ਕਿ ਪਟਿਆਲੇ ਦੇ ਇਕ ਹਸਪਤਾਲ ਵਿਚ ਨੌਕਰੀ ਕਰ ਰਹੀ ਹੈ...

ਮੈਨੂੰ ਦੋ ਕੂ ਮਹੀਨੇ ਪਹਿਲਾਂ ਪਤਾ ਲੱਗਿਆ ਹੈ ਕਿ ਜੰਨਤ ਨੇ ਜਿਸ ਮੁੰਡੇ ਨਾਲ ਕਨੇਡਾ ਵਿੱਚ ਵਿਆਹ ਕਰਵਾਇਆ ਹੈ,ਉਹ ਕੋਈ ਹੋਰ ਨਹੀਂ, ਉਹ ਕਲਮ ਦਾ ਭਰਾ ਹੀ ਹੈ...

ਮੈਨੂੰ ਇਹ ਸੋਚ ਸੋਚ ਕੇ ਬੜਾ ਹਾਸਾ ਆਉਂਦਾ ਹੈ....ਕਿ ਜੋ  ਪਿਆਰ ਸ਼ਬਦ ਦੇ

www.PunjabiLibrary.com

ਮੈਨੂੰ ਅਰਥ ਵੀ ਨਹੀਂ ਸੀ ਪਤਾ... ਉਹ ਮੈਨੂੰ ਜ਼ਿੰਦਗੀ ਵਿਚ ਦੋ ਵਾਰ ਹੋ ਗਿਆ...😊

ਹਰ ਸ਼ਖਸ ਅਲੱਗ ਹੁੰਦਾ ਏ
ਕਿਸੇ ਦਾ ਮਿਲਣਾ, ਕਿਸੇ ਦਾ ਵਿਛੜਣਾ
ਏਥੇ ਸਭ ਸਬੱਬ ਹੁੰਦਾ ਏ

~

ਜਿਸਨੂੰ ਅਸੀਂ ਦਿਲ ਤੋਂ ਚਾਹੀਏ
ਉਹ ਵੀ ਅੱਗੋਂ ਦਿਲ ਤੋਂ ਚਾਹੇ
ਇਹ ਹਰ ਵਾਰ ਨਹੀਂ ਹੁੰਦਾ

~

ਸੱਚੀ ਸੁੱਚੀ ਮਿਸਾਲ ਤਾਂ ਹੁਣ
ਲੱਖਾਂ ਹਜ਼ਾਰਾਂ ਵਿਚੋਂ ਮਿਲ਼ਦੀ ਹੈ
ਹਰ ਇਕ ਦਾ ਸੱਚਾ ਪਿਆਰ ਨਹੀਂ ਹੁੰਦਾ

~

ਸੁੱਚੀਆਂ ਮੁਹੱਬਤਾਂ ਮਿਲਦੀਆਂ ਰਹਿਣ
ਨਿੱਤ ਹੀ ਕਲੀਆਂ ਖਿਲਦੀਆਂ ਰਹਿਣ

~

ਪਹਿਲੀ ਤੇ ਆਖਰੀ ਦੁਆ ਹੈ ਮੇਰੀ
ਕਿਸੇ ਲਈ ਮੁਹੱਬਤ ਖ਼ੁਦਾ ਹੈ ਤੇਰੀ

~

ਅਸੀਂ ਸਾਰੇ ਇਹਨਾਂ ਮੁਹੱਬਤ ਦੇ ਰੰਗ ਵਿਚ ਹੀ ਰੰਗੇ ਸੋਹਣੇ ਲੱਗਦੇ ਆਂ, ਮੁਹੱਬਤ

ਉਹ ਹੀ ਨਹੀਂ ਹੁੰਦੀ ਜੋ ਇੱਕਲੀ ਬਸ ਮਹਿਬੂਬ ਨਾਲ ਹੀ ਕਰੀ ਜਾਵੈ, ਮੁਹੱਬਤ ਦੀ ਮਿਸਾਲ ਤਾਂ ਇਸ ਜੱਗ ਤੇ ਮਾਂ ਤੋਂ ਵੱਡੀ ਕੋਈ ਨਹੀਂ ਹੈ, ਇੱਕ ਮੁਹੱਬਤ ਹੀ ਹੈ, ਜੋ ਸਾਨੂੰ ਆਪਸ ਵਿੱਚ ਮਿਲ ਕੇ ਰਹਿਣਾ ਸਿਖਾਉਂਦੀ ਹੈ.... ਮੁਹੱਬਤ ਇੱਕ ਅਜਿਹਾ ਬੀਜ਼ ਹੈ,ਜੋ ਨਫ਼ਰਤ ਦੇ ਬੂਟੇ ਨੂੰ ਜੜ੍ਹੋਂ ਖ਼ਤਮ ਕਰਨ ਦੀ ਹਿੰਮਤ ਰੱਖਦਾ ਹੈ ...

*****

ਭਾਗ : ਦੂਸਰਾ

ਮੈਂ ਜੋ ਵੀ ਸੋਚਿਆ, ਮੈਨੂੰ ਉਹ ਹੱਸ ਕੇ ਮਿਲਿਆ,ਆਪਣਾ ਖੁਦ ਦਾ ਪਰਿਵਾਰ ਨਹੀਂ ਸੀ,ਇਸ ਇੱਕਲੇਪਣ ਨੂੰ ਦੂਰ ਕਰਨ ਲਈ, ਮੈਂ ਇੱਕ ਫੌਜੀ ਬਣਨਾ ਚਾਹਿਆ,ਸੋ ਦੋ ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ ਮੇਰਾ ਇਹ ਸੁਪਨਾਂ ਵੀ ਪੂਰਾ ਹੋ ਗਿਆ...

ਮੈਂ ਜਦੋਂ ਫੌਜ ਵਿਚੋਂ ਛੁੱਟੀ ਆਉਂਦਾ, ਮੈਂ ਆਪਣੇ ਪਿੰਡ ਦੀ ਬੱਸ ਚੜ੍ਹਨ ਤੋਂ ਪਹਿਲਾਂ,ਬੱਸ ਅੱਡੇ ਵਿੱਚ ਜੀ ਭਰ ਕੇ ਅੱਥਰੂ ਡੋਲਦਾ, ਮੇਰੇ ਅੰਦਰ ਤਿਣਕਾ ਵੀ ਚਾਅ ਨਾ ਹੁੰਦਾ ਛੁੱਟੀ ਦਾ, ਆਪਣੇ ਪਰਿਵਾਰ ਤੋਂ ਬਿਨਾਂ ਇਨਸਾਨ ਕੋਲ ਕੁਝ ਨਹੀਂ ਹੁੰਦਾ, ਮੈਨੂੰ ਇਸ ਗੱਲ ਦਾ ਪਤਾ, ਆਪਣੇ ਸਾਰੇ ਪਰਿਵਾਰ ਦੇ ਚੱਲੇ ਜਾਣ ਪਿੱਛੋਂ ਪਤਾ ਲੱਗਾ....

ਕਿਹੜੀਆਂ ਟੰਗ ਕੇ ਮੌਢੇ ਰੀਜਾਂ
ਪਿੰਡ ਵੱਲ ਮੈਂ ਮੋੜਾਂ ਪੈਰਾਂ ਨੂੰ
ਕੀਹਨੇ ਪੁੱਛਣਾ ਦੱਬਿਆ ਦਰਦ ਦਿਲਦਾ

ਤੇ ਕੀਹਨੇ ਪੁੱਛਣਾ ਵਕ਼ਤ ਦੀਆਂ ਖੈਰਾਂ ਨੂੰ
ਏਸ ਗਰਾਂ ਤੋਂ ਓਸ ਗਰਾਂ ,
ਜਾਂਦਾ ਥੱਕ ਤਾਂ ਜਾਂਦਾ ਹੋਊ
ਹਿੱਜਰਾਂ ਦਾ ਹਾਉਕਾ ,
ਵਿਚ ਹਕੀਕੀ ਪੱਕ ਤਾਂ ਜਾਂਦਾ ਹੋਊ
ਜੁੱਤੀ ਉੱਧੜੀ ਨਵੀਂ ਵੀ ਪਾ ਲਈ
ਹੱਥ ਵੀ ਪਾਏ ਕਿੰਨੇ ਸੋਨੇ ਦੇ ਛੱਲੇ ਨੇ
ਪੈਸਾ ਕਦੇ ਨਾ ਦੇਵੇ ਖ਼ਰੀਦ ਕੇ ਰਿਸ਼ਤੇ
ਉਂਞ ਮਤਲਬੀ ਮਿਲ਼ ਜਾਦੇਂ ਦੱਲੇ ਨੇ,

ਮੈਂ ਕਈ ਵਾਰ ਤਿੰਨ ਤਿੰਨ ਸਾਲ ਬਾਅਦ ਪਿੰਡ ਗਿਆ, ਅਠਾਰਾਂ ਵਰ੍ਹਿਆਂ ਦੀ ਉਮਰ ਵਿੱਚ ਹੀ ਮੈਂ ਫੌਜ ਵਿੱਚ ਚਲਾ ਗਿਆ ਸੀ, ਮੈਂ ਪੰਜ ਸਾਲ ਬਾਅਦ ਛੁੱਟੀ ਆਇਆ, ਪਿੰਡ...ਜੂਨ ਦੇ ਮਹੀਨੇ ਦੇ ਸ਼ੁਰੂਆਤੀ ਦਿਨ ਸੀ ਉਹ, ਮੈਂ ਆਪਣੇ ਪਿੰਡ ਵਾਲ਼ੀ ਬੱਸ ਚ ਬੈਠਾ ਉਹੀ ਸਭ ਸੋਚ ਰਿਹਾ ਸੀ,ਜੋ ਪਹਿਲਾਂ  ਛੁੱਟੀ ਆਉਣ ਸਮੇਂ ਸ਼ਹਿਰ ਤੋਂ ਪਿੰਡ ਜਾਣ ਲੱਗਾ ਸੋਚਦਾ ਸੀ, ਮੇਰੇ ਪਿੰਡ ਦੇ ਦੋਵੇਂ ਪਾਸੇ ਹੀ ਇੱਕ ਇੱਕ ਕੋਹ ਤੋਂ ਥੋੜ੍ਹੀ ਵਾਟ ਜ਼ਿਆਦਾ ਨਾਲ ਦੋ ਸ਼ਹਿਰ ਲੱਗਦੇ ਸੀ,ਜਿਸ ਕਰਕੇ ਬੱਸਾਂ ਦਾ ਆਉਣਾ ਜਾਣਾ ਬਹੁਤਾ ਸੀ, ਤੇ ਬੱਸ ਵਿਚ ਜ਼ਿਆਦਾ ਕੋਈ ਭੀੜ ਵੀ ਨਹੀ ਸੀ ਹੁੰਦੀ, ਮੈਂ ਸ਼ੀਸ਼ੇ ਵਾਲੇ ਪਾਸੇ ਬੈਠਾ, ਲੋਕਾਂ ਦੀ ਪੈੜਚਾਲ ਨੂੰ ਵੇਖ ਰਿਹਾ ਸੀ, ਸਾਰੀਆਂ ਸੀਟਾਂ ਭਰ ਚੁੱਕੀਆਂ ਸੀ,ਬੱ ੱਸ ਚੱਲਣ ਹੀ ਵਾਲੀ ਸੀ, ਬੱਸ ਕੰਡਕਟਰ ਡਰਾਇਵਰ ਨੂੰ ਸੀਟੀ ਨਾਲ ਬੱਸ ਅੱਗੇ ਤੋਰਨ ਦਾ ਇਸ਼ਾਰਾ ਕਰ ਰਿਹਾ ਸੀ,ਐਨੇ ਵਿਚ ਹੀ ਇੱਕ ਗਰਮ ਜਿਹੇ ਸੁਭਾਅ ਤੇ ਪਹਿਲਵਾਨੀ ਜੇ ਸ਼ਰੀਰ ਦੀ ਬੁੜੀ ਨੇ ਹਾਕ ਮਾਰੀ....ਵੇ ਭਾਈ... ਕਿੱਥੇ ਜਾਂਦੀ ਏ... ਭਲਾਂ ਇਹ ਬੱਸ... ਬੱਸ ਕੰਡਕਟਰ ਨੇ... ਚਾਰੇ ਪੰਜੇ ਪਿੰਡਾਂ ਦੇ ਨਾਂ ਗਿਣਾ ਦਿੱਤੇ... ਉਸ ਬੁੜੀ ਨੇ ਇੱਕ ਪਿੰਡ ਦਾ ਨਾਂ ਲੈਂਦਿਆਂ

www.PunjabiLibrary.com

ਕਿਹਾ... ਫਲਾਣੇ ਪਿੰਡ ਰੋਕੇਗਾ... ਭਾਈ.... ਹਾਂ ਬੇਬੇ ਰੋਕਦਾਂਗੇ...ਆਜਾ ਭੱਜ ਕੇ ਆਜਾ... ਬੱਸ ਦਾ ਟਾਇਮ ਹੋਇਆ ਪਿਆ... ਜਦੋਂ ਉਹ ਬੁੜੀ ਬੱਸ ਚ ਚੜੀ ਤਾਂ ਦਮੋ-ਦਮੀਂ ਹੋਈ ਪਈ ਸੀ, ਉਹ ਜਰਕ ਦਿੰਨੇ ਸਾਹਮਣੇ ਇੱਕੋ ਖ਼ਾਲੀ ਸੀਟ ਸੀ, ਉਸ ਤੇ ਬਹਿ ਗਈ ਤੇ ਹਾਕ ਮਾਰਨ ਲੱਗੀ...ਨੀ ਕੁੜੀਏ ਪੱਟ ਲਾ ਪੈਰ ਹੁਣ...ਕਿ ਝਾਂਜਰਾਂ ਪਾਈਆਂ ਪੈਰਾਂ ਚ...ਆ ਗਈ...ਨਾਨੀ, ਅੱਗੋਂ ਆਵਾਜ਼ ਆਈ....

ਇੱਕ ਲੰਮੇ ਜਿਹੇ ਕੱਦ ਦੀ,ਕਣਕ ਬੰਨੇਂ ਰੰਗ ਵਾਲ਼ੀ, ਤਿੱਖੇ ਜਿਹੇ ਨੈਣ ਨਕਸ਼ਿਆਂ ਵਾਲੀ , ਅੱਲੜ੍ਹ ਜਿਹੀ ਬਰੇਸ ਦੀ ਮੁਟਿਆਰ ਬੱਸ ਚ ਚੜੀ,ਐਨੀ ਸੋਹਣੀ ਕੁੜੀ ਮੈਂ ਪਹਿਲਾਂ ਕਦੇ ਨਹੀਂ ਸੀ ਵੇਖੀਂ, ਬੱਸ ਵਿਚ ਇੱਕਲੀ ਹੀ ਖਲੋਤੀ ਸੀ, ਜਿਵੇਂ ਅੰਬਰਾਂ ਚ ਸੂਹਾ ਚੰਦਰਮਾ, ਮੇਰੇ ਤੋਂ ਉਹ ਖਲੋਤੀ ਜ਼ਰ ਨਾ ਹੋਈ, ਬੇਸ਼ੱਕ ਮੈਂ ਦੋ ਦਿਨਾਂ ਦਾ ਨੀਂਦਰਾਂ ਤੇ ਪੂਰਾ ਥੱਕਿਆ ਟੁੱਟਿਆ ਹੋਇਆ ਸੀ, ਮੈਂ ਫੇਰ ਵੀ ਉਸ ਲਈ ਸ਼ੀਟ ਛੱਡ ਦਿੱਤੀ,ਉਹ ਅਜੇ ਬੈਠਣ ਹੀ ਲੱਗੀ ਸੀ ਕਿ ਸਾਡੇ ਪਿੰਡ ਵਾਲਾ ਬਾਬਾ ਬਖਤੌਰਾ ਜੋ ਕਿ ਬੱਸ ਦੀ ਬਿਲਕੁਲ ਆਖ਼ਰੀ ਤੇ ਲੰਮੀਂ ਸ਼ੀਟ ਤੇ ਗਿਆਰਾਂ ਜਾਣਿਆ ਵਿਚ ਚੰਗਾ ਭਲਾ ਘੁਸੜਿਆ ਬੈਠਾ ਸੀ,ਫਟਾਕ ਦਿਨੇਂ ਆ ਬੈਠਾ...ਤੇ ਦਾੜ੍ਹੀ ਤੇ ਹੱਥ ਫੇਰਦਾ ਆਖਣ ਲੱਗਾ, ਚੰਗਾ ਹੋਇਆਂ ਸ਼ੇਰ ਬੱਗਿਆ, ਤੂੰ ਸ਼ੀਟ ਛੱਡ ਦਿੱਤੀ, ਮੈਂ ਤਾਂ ਬੜਾ ਔਖਾ ਹੋ ਰਿਹਾ ਸੀ ਉਥੇ ਬੈਠਾ....ਉਹ ਮੇਰੇ ਵੱਲ ਵੇਖ ਕਿ ਹਲਕਾ ਹਲਕਾ ਮੁਸਕਰਾ ਰਹੀ ਸੀ... ਤੇ ਮੈਨੂੰ ਆਪਣੇ ਆਪ ਤੇ ਹਾਸਾ ਆ ਰਿਹਾ ਸੀ,ਉਹ ਕਿਸੇ ਨਾ ਕਿਸੇ ਬਹਾਨੇ ਮੇਰੇ ਵੱਲ ਵੇਖਦੀ ਤੇ ਮੈਂ ਵੀ ਕਿਸੇ ਨਾ ਕਿਸੇ ਬਹਾਨੇ ਉਹਦੇ ਵੱਲ ਵੇਖਦਾ, ਜਦੋਂ ਸਾਡੀਆਂ ਦੋਹਾਂ ਦੀਆਂ ਨਜ਼ਰਾਂ ਆਪਸ ਵਿੱਚ ਟਕਰਾਅ ਜਾਂਦੀਆਂ ਤਾਂ ਫਟਾਕ ਦਿਨੇਂ ਦੋਵੇਂ ਨਜਰਾ ਝੁਕਾ ਲੈਂਦੇ, ਏਦਾਂ ਹੀ ਇੱਕ ਦੂਸਰੇ ਵੱਲ ਵੇਖਦਿਆਂ ਪਹਿਲੇ ਪਿੰਡ ਦਾ ਬੱਸ ਸਟੈਂਡ ਆ ਗਿਆ, ਤਿੰਨ ਚਾਰ ਸਵਾਰੀਆਂ ਬੱਸ ਵਿਚੋਂ ਉਤਰ ਗਈਆਂ, ਅਸੀਂ ਦੋਵੇਂ ਇੱਕੋ ਹੀ ਸ਼ੀਟ ਤੇ ਇੱਕਠੇ ਬੈਠ ਗਏ,ਉਸਦੀ ਨਾਨੀ ਮੇਰੇ ਵੱਲ ਕੱਚਾ ਖਾਣ ਜਾਣ ਵਾਲੀਆਂ ਅੱਖਾਂ ਨਾਲ ਵੇਖ ਰਹੀ ਸੀ,ਉਸਦਾ ਹਵਾ

ਨਾਲ ਉਡ ਕੇ ਦੁਪੱਟਾ ਮੇਰੇ ਮੂੰਹ ਤੇ ਲਿਪਟ ਗਿਆ, ਮੈਂ ਮੂੰਹ ਤੋਂ ਉਤਾਰ ਕੇ ਦੁਪੱਟਾ ਘੁੱਟ ਕੇ ਹੱਥ ਵਿਚ ਫੜ ਲਿਆ,ਉਸ ਦੀ ਹਲਕੀ ਜਿਹੀ ਮੁਸਕਰਾਹਟ ਮੇਰੀ ਮਿੰਨੀ ਜਿਹੀ ਸ਼ਰਾਰਤ ਦਾ ਜਵਾਬ ਦੇ ਰਹੀ ਸੀ, ਮੈਂ ਆਸਾ ਪਾਸਾ ਵੇਖ ਤੇ ਜਾਣਬੁੱਝ ਕੱਪੜਿਆਂ ਵਾਲੇ ਟਰੰਕ ਨੂੰ ਲੋਟ ਕਰਦਿਆਂ ਨੀਵੀਂ ਜਿਹੀ ਪਾ ਕਿ ਉਹਦੀਆਂ ਅੱਖਾਂ ਵੱਲ ਵੇਖਦੇ ਨੇ, ਗਲ਼ ਵਿਚਲੀ ਅੱਧੀ ਕੁ ਆਵਾਜ਼ ਵਿਚ ਕਿਹਾ...

ਜੀ ਤੁਹਾਡਾ ਨਾਮ ਕੀ ਹੈ..???

ਉਹ ਫੇਰ ਮੁਸਕਰਾਈ ਤੇ ਉੱਡਦੇ ਦੁਪੱਟੇ ਨੂੰ ਸੰਭਾਲਦੇ ਹੋਏ ਮਿੱਠੀ ਜਿਹੀ ਆਵਾਜ਼ ਚ ਬੋਲੀ, ਕਿਉਂ ਤੁਸੀਂ ਕੀ ਕਰਨਾ....,
ਨਹੀਂ ਜੀ... ਜੇ ਨਹੀਂ ਦੱਸਣਾ ਨਾਂ ਦੱਸੋ, ਵੈਸੇ ਬੰਦਾ ਸੋਹਣੀ ਚੀਜ਼ ਦਾ ਨਾਂ ਪੁੱਛ ਹੀ ਲੈਂਦਾਂ ਹੈ, ਉਸਨੇ ਮੇਰੇ ਬਾਂਹ ਜਿਹੀ ਮਾਰੀਂ ਤੇ ਕਿਹਾ......ਸੋਣੀ
ਹਾਏ ਰੱਬਾ.. (ਮੇਰੇ ਮੂੰਹ ਵਿੱਚੋਂ ਨਿਕਲ ਗਿਆ)
ਐਨੇ ਵਿਚ ਬੱਸ ਅਗਲਾ ਪਿੰਡ ਆ ਜਾਣ ਕਰਕੇ ਰੁੱਕ ਗਈ,ਉਸ ਦੀ ਨਾਨੀ ਨੇ ਹਾਕ ਮਾਰ ਲਈ, ਕੁੜੀਏ ਉਰੇ ਆ ਕੇ ਬੈਠ ਜਾ ਅਗਲਾ ਪਿੰਡ ਆਪਣਾ ਹੀ ਆਉਣਾ ਏ,
ਉਹ ਜਾ ਆਪਣੀ ਨਾਨੀ ਕੋਲ ਬੈਠ ਗਈ,ਪਰ ਉਸਦੀਆਂ ਅੱਖਾਂ ਅਜੇ ਵੀ ਮੇਰੀਆਂ ਅੱਖਾਂ ਦਾ ਹਾਲ ਪੁੱਛ ਰਹੀਆਂ ਸੀ, ਮੈਂ ਵੀ ਅਗਲੇ ਪਿੰਡ ਹੀ ਉਤਰਨਾ ਸੀ, ਬੱਸ ਪਿੰਡ ਪਹੁੰਚ ਗਈ, ਮੈਂ ਬੱਸ ਉਤਰ ਕੇ ਤੁਰਨ ਹੀ ਲੱਗਾ ਸੀ, ਕਿ ਉਸਦੀ ਨਾਨੀ ਨੇ ਬੁਲਾ ਲਿਆ
ਨਾਨੀ : ਵੇ ਮੁੰਡਿਆਂ, ਭਲਾਂ ਕੁੱਕੜ ਜ਼ੈਲਦਾਰ ਕਾ ਘਰ ਕਿਹੜੇ ਪਾਸੇ ਆ...
ਮੈਂ : ਬੇਬੇ ਮੇਰਾ ਘਰ ਓਧਰ ਹੀ ਹੈ, ਮੈਂ ਲੈ ਚੱਲਦਾ...
ਨਾਨੀ : ਆ ਤਾਂ ਬਲਾਈਂ ਸੋਹਣਾ ਹੋ ਗਿਆ ਪੁੱਤ ,ਕਿਤੇ ਬਾਹਿਰ ਪੜਦਾ ਲੱਗਦਾ ਤੂੰ...
ਮੈਂ : ਨਹੀਂ ਬੇਬੇ ਮੈਂ ਫ਼ੌਜੀ ਆਂ...

ਨਾਨੀ : ਠੀਕ ਆ ਭਾਈ ,ਆ ਤੇਰੇ ਟਰੰਕ ਨੂੰ ਵੇਖ, ਮੈਂ ਵੀ ਲੱਖਤਾ ਜਿਹਾ ਲਾਇਆ ਸੀ,

ਮੈਂ : ਬੇਬੇ ਏਥੇ ਤੁਹਾਡੀ ਕੀ ਰਿਸ਼ਤੇਦਾਰੀ ਹੈ ਭਲਾਂ

ਨਾਨੀ : ਮੇਰੇ ਵੱਡਾ ਮੁੰਡਾ ਵਿਆਹਿਆ ਪੁੱਤ ਕੁਕੜੀ ਜ਼ੈਲਦਾਰ ਦੀ ਧੀ ਨੂੰ....

ਮੈਂ : ਠੀਕ ਹੈ ਬੇਬੇ

ਨਾਨੀ : ਪੁੱਤ ਤੂੰ ਕਿੰਨਾ ਦਾ ਮੁੰਡਾ ਭਲਾਂ...

ਮੈਂ : ਬੇਬੇ ਮੁੰਡਾ ਤਾਂ ਮੈਂ ਵੀ ਜ਼ੈਲਦਾਰਾਂ ਦਾ ਹੀ ਆਂ,ਪਰ ਮੈਂ ਦੂਸਰੇ ਪਿੰਡੋਂ ਆ ਰਹਿਣ ਲੱਗਾਂ ਆ ਏਥੇ

ਨਾਨੀ : ਕਿਉਂ ਪੁੱਤ ਉਥੇ ਸਰੀਕਾ ਕਬੀਲਾ ਨਹੀਂ ਸੀ ਚੱਜ

ਮੈਂ : ਨਹੀਂ ਬੇਬੇ , ਮੇਰਾ ਬਾਪੂ ਇੱਕਲਾ ਹੀ ਸੀ, ਬੱਸ ਉਹਦੇ ਪਿੱਛੋਂ ਮੈਂ, ਏਥੇ ਆ ਗਿਆ ( ਬੇਬੇ ਮੈਂ ਆ ਵੀਹੀ ਮੁੜਨਾ, ਉਹਨਾਂ ਦਾ ਘਰ ਇਸ ਤੇ ਜੋ ਉਹ ਨੀ ਵਿੱਖ ਰਿਹਾ, ਸੱਜੇ ਹੱਥੇ ਲੱਕੜ ਦਾ ਬੂਹਾ, ਉਹ ਹੀ ਹੈ)

ਨਾਨੀ : ਚੰਗਾ ਹੋਇਆ ਪੁੱਤ ਤੂੰ ਮਿਲ ਗਿਆ, ਨਹੀਂ ਕਿੱਥੇ ਮਾਰਦੀ ਟੱਕਰਾਂ ਬੇਗਾਨੇ ਪਿੰਡ ਚ, ਮੁਟਿਆਰ ਕੁੜੀ ਨੂੰ ਨਾਲ ਲੈਕੇ ( ਇਹ ਮੇਰੀ ਦੋਹਤੀ ਆ, ਪੁੱਤ ਬਾਰਵੀਂ ਜਮਾਤ ਪਾਸ ਆ)

ਮੈਂ : ਅੱਛਾ ਬੇਬੇ, ਫੇਰ ਅੱਗੇ ਨਹੀਂ ਪੜਾਇਆ ਇਸ ਨੂੰ..???

ਨਾਨੀ : ਪੁੱਤ ਪਤਾ ਤਾਂ ਹੈ ਅੱਜ ਦੇ ਜ਼ਮਾਨੇ ਦਾ,ਬਸ ਡਰਦਿਆਂ ਨੇ ਨਹੀਂ ਲਾਇਆ ਅੱਗੇ, ਹੁਣ ਤਾਂ ਪੁੱਤ ਇਸ ਦਾ ਕੋਈ ਚੰਗਾ ਜਿਹਾ ਥਾਂ ਵੇਖ ਰਿਹੇ ਆਂ,ਮੁੰਡਾ ਲੱਗਿਆ ਹੋਇਆ ਹੋਵੇ, ਤਾਂ ਬਲਾਂ ਵਧੀਆ ਹੋਜੂ,ਜੇ ਕੋਈ ਹੋਇਆ ਨਿਗਾਹ ਚ ਤਾਂ ਜ਼ਰੂਰ ਦੱਸੀ

ਮੈਂ : ਮੈਂ ਸੋਣੀ ਦੀਆਂ ਅੱਖਾਂ ਵੱਲ ਵੇਖ ਰਿਹਾ ਸੀ...

ਉਹ ਵੀ ਮੇਰੇ ਵੱਲ ਹੀ ਵੇਖ ਰਹੀ ਸੀ...

ਮੈਂ ਆਪਣੇ ਘਰ ਵੱਲ ਤੁਰ ਪਿਆ, ਮੈਂ ਜਦ ਜਾ ਕੇ ਘਰਦਾ ਬੂਹਾ ਖੋਲ੍ਹਿਆ, ਮੈਨੂੰ

ਏਦਾਂ ਲੱਗਿਆ ਜਿਦਾਂ ਸੋਣੀ ਮੇਰੇ ਘਰਦੇ ਵਿਹੜੇ ਨੂੰ ਸੂੰਬਰ ਰਹੀ ਹੋਵੇ,ਤੇ ਮੈਂ ਉਹਦੀਆਂ ਅੱਖਾਂ ਵੱਲ ਵੇਖ ਰਿਹਾਂ ਹੋਵਾਂ, ਅਸੀਂ ਦੋਵੇਂ ਇੱਕ ਜਗ੍ਹਾ ਤੇ ਖਲੋਏ ਹੋਈਏ ਤੇ ਬਾਕੀ ਸਾਰੀ ਧਰਤੀ ਘੁੰਮ ਰਹੀ ਹੋਵੇ, ਅਚਾਨਕ ਇੱਕ ਹਵਾ ਦਾ ਬੁੱਲ੍ਹਾ ਉੱਠਿਆ ਤੇ ਐਦਾਂ ਲੱਗਿਆ ਜਿਦਾਂ ਕਿਸੇ ਨੇ ਮੁੱਠੀ ਭਰ ਰੇਤਾ ਮੇਰੇ ਤੇ ਸੁੱਟ ਦਿੱਤਾ ਹੋਵੇ,ਗਰਦੇ ਕਾਰਨ ਇੱਕ ਦੋ ਛਿੱਕਾਂ ਆਈਆਂ ਤੇ ਵੇਖਿਆ ਸਾਰਾ ਘਰ ਸੁੰਨਾਂ ਸੀ, ਮੈਂ ਕੰਧੋਲੀ ਤੇ ਆਪਣਾ ਟਰੰਕ ਧਰਿਆ ਤੇ ਅੰਦਰਲੇ ਕਮਰੇ ਦਾ ਬੂਹਾ ਖੋਲ੍ਹ ਕੇ ਝਾੜੂ ਕੱਢ ਕੇ ਵੇਹੜਾ ਸੁਵਾਰਨ ਲੱਗ ਪਿਆ,

ਸ਼ਾਮ ਦੇ ਪੰਜ ਵਜੇ ਨੂੰ ਮੈਂ ਸਾਰਾ ਘਰ ਸੁਵਾਰ ਦਿੱਤਾ, ਮੈਂ ਥੋੜ੍ਹਾ ਕੁ ਆਟਾ ਤੇ ਦਾਲ ਸਬਜ਼ੀ ਲੈਣ ਲਈ,ਅੰਦਰ ਸਾਂਭੇ ਬਾਪੂ ਦੇ ਸਾਇਕਲ ਨੂੰ ਬਾਹਿਰ ਕੱਢ ਲਿਆ ਤੇ ਲਾਲੇ ਦੀ ਦੁਕਾਨ ਕੰਨੀਂ ਚੱਲ ਪਿਆ,ਰਾਹ ਵਿਚ ਕਿੰਨੇ ਹੀ ਜਾਣੇ ਮਿਲ਼ੇ, ਸਾਰੇ ਇੱਕੋ ਹੀ ਗੱਲ ਆਖਦੇ ,ਕੀ ਗੱਲ ਫੋਜੀਆ ਬੜਾ ਖੁਸ਼ ਆਂ ,ਕਿਤੇ ਵਿਆਹ ਤਾਂ ਨੀਂ ਕਰਾ ਲਿਆ, ਮੈਂ ਹੱਸ ਕੇ ਅਗਾਂਹ ਲੰਘ ਜਾਂਦਾ, ਮੈਂ ਲਾਲੇ ਦੀ ਦੁਕਾਨ ਤੋਂ ਸੌਦਾ ਲੈ ਕਿ ਬਾਹਿਰ ਨਿਕਲ ਹੀ ਰਿਹਾ ਸੀ, ਉਧਰੋਂ ਕੁੱਕੜ ਜ਼ੈਲਦਾਰ ਕੀ ਨਿੱਕੀ ਕੁੜੀ ਨਾਲ ਸੋਣੀ ਤੁਰੀ ਆਉਂਦੀ ਸੀ,ਉਹ ਮੈਨੂੰ ਵੇਖ ਕੇ ਰੁੱਕ ਜਿਹੀ ਗਈ,ਤੇ ਏਧਰ ਓਧਰ ਜੇ ਵੇਖਣ ਲੱਗੀ, ਜਿਦਾਂ ਡਰ ਜਿਹਾ ਲੱਗ ਰਿਹਾ ਹੋਵੇ,ਲਾਲੇ ਦੀ ਦੁਕਾਨ ਦੇ ਬਾਹਿਰ ਬਾਬੇ ਹੋਰੀਂ ਬੈਠੇ ਸੀ, ਮੈਂ ਉਹਨਾਂ ਦਾ ਹਾਲਚਾਲ ਪੁੱਛ ਅਗਾਂਹ ਵਾਲ਼ੀ ਗਲ਼ੀ ਚ ਜਾ ਖੜ ਗਿਆ, ਮੈਨੂੰ ਏਵੇਂ ਲੱਗ ਰਿਹਾ ਸੀ, ਜਿਵੇਂ ਸੋਣੀ ਮੇਰੇ ਨਾਲ ਕੋਈ ਗੱਲ ਕਰਨਾ ਚਾਹੁੰਦੀ ਹੋਵੇ,ਉਹ ਭੱਜ ਕੇ ਜਿਹੇ ਲਾਲੇ ਦੀ ਦੁਕਾਨ ਤੋਂ ਨਿਕਲ ਕੇ ਜਿਸ ਗਲ਼ੀ ਵਿਚ ਮੈਂ ਖੜਾ ਸੀ, ਕਾਹਲ਼ੀ ਕਾਹਲ਼ੀ ਲੰਘਣ ਲੱਗੀ, ਉਹਨੂੰ ਸ਼ਾਇਦ ਏਵੇਂ ਲੱਗਿਆ ਹੋਣਾ,ਕਿ ਮੈਂ ਉਸਨੂੰ ਉਡੀਕਿਆ ਨਹੀਂ, ਸਗੋਂ ਅਗਾਂਹ ਲੰਘ ਗਿਆ,ਉਹ ਜਿਵੇਂ ਹੀ ਮੇਰੇ ਕੋਲ਼ ਦੀ ਲੰਘਣ ਲੱਗੀ, ਮੈਂ ਉਸਦੀ ਬਾਂਹ ਫੜ ਲਈ... ਉਸਦੇ ਚਿਹਰੇ ਦਾ ਰੰਗ ਉੱਡ ਗਿਆ...ਮੇਰੀ ਬਾਂਹ ਛੱਡ ਫੌਜੀਆ... ਕੋਈ ਵੇਖ ਲਵੂਗਾ

ਮੈਂ : ਫੇਰ ਕੀ ਹੁੰਦਾ ਵੇਖ ਲੈਣ ਦੇ, ਦੁਨੀਆਂ ਨੂੰ ਵਿਖਾਉਣ ਲਈ ਤਾਂ ਫੜੀ ਹੈ
ਸੋਣੀ : ਅੱਛਾ, ਤਾਹੀਂ ਤਾਂ ਆਪਣਾ ਨਾਂ ਵੀ ਨਹੀਂ ਦੱਸਿਆ
ਮੈਂ : ਤੈਨੂੰ ਦੱਸਣ ਦੀ ਕੀ ਲੋੜ, ਜਿਹੜਾ ਤੇਰਾ ਦਿਲ ਕਰਦਾ, ਤੂੰ ਉਹੀ ਆਖ ਬੁਲਾ ਲਿਆ ਕਰ,ਜੇ ਮੈਂ ਨਾ ਬੋਲਾਂ ਤਾਂ ਫੇਰ ਕਹੀਂ...???

ਸੋਣੀ : ਅੱਛਾ ਫੋਜੀਆਂ, ਚੱਲ ਮੇਰੀ ਬਾਂਹ ਛੱਡ ਹੁਣ, ਕੱਲ੍ਹ ਖ਼ੂਹ ਤੇ ਪਾਣੀ ਲੈਣ ਜਾਵਾਂਗੀ ਮੈਂ, ਦੁਪਹਿਰੇ ਕੋਈ ਨਹੀਂ ਹੁੰਦਾ...
ਮੈਂ ਬਾਂਹ ਛੱਡ ਦਿੱਤੀ, ਉਹ ਹੱਸਦੀ ਹੱਸਦੀ ਘਰ ਨੂੰ ਚੱਲੀ ਗਈ, ਜਿੰਨਾਂ ਚਿਰ ਉਸਦਾ ਚੇਹਰਾ ਮੇਰੇ ਤੋਂ ਓਹਲੇ ਨਾਂ ਹੋਇਆ ,ਮੈਂ ਉਹਦੇ ਵੱਲ ਹੀ ਵੇਖਦਾ ਰਿਹਾ,ਤੇ ਉਹ ਵੀ ਬਿੰਦੇ ਬਿੰਦੇ
ਪਿਛਾਂਹ ਮੁੜ ਕੇ ਵੇਖ ਰਹੀ ਸੀ,

ਮੈਂ ਉਸ ਰਾਤ ਬਿਨਾਂ ਰੋਟੀ ਖਾਏ ਹੀ ਸੌਂ ਗਿਆ, ਪਹਿਲਾਂ ਤਾਂ ਅੱਧੀ ਰਾਤ ਤੀਕ ਨੀਂਦ ਹੀ ਨਹੀਂ ਆਈ, ਫੇਰ ਹੋਇਆ ਇੰਝ ਸਵੇਰੇ ਜਾਗ ਹੀ ਨਹੀਂ ਆਈ,ਬਸ ਸਾਰੀ ਰਾਤ ਉਹਦੇ ਨਾਲ ਹੀ ਸੁਪਨੇ ਵੇਖਦਾ ਰਿਹਾ, ਏਦਾਂ ਲੱਗ ਰਿਹਾ ਸੀ, ਪਤਾ ਹੀ ਨਹੀਂ ਸੀ ਕਿ ਇਹ ਰੁੱਤ ਵੀ ਹੁੰਦੀ ਹੈ...ਐਨੀ ਸੁਹਾਵਣੀ, ਉਸ ਦਿਨ ਖ਼ੂਹ ਦੇ ਉੱਤੇ ਮਿਲ਼ੇ, ਉਸਤੋਂ ਬਾਅਦ ਹਰਰੋਜ਼ ਹੀ ਕਿਸੇ ਨਾ ਕਿਸੇ ਜਗਾਹ ਮਿਲਦੇ, ਦੋਵੇਂ ਇੱਕ ਦੂਜੇ ਦਾ ਹੱਥ ਫੜ੍ਹ ਆਪਣੀ ਅਗਲੀ ਜ਼ਿੰਦਗੀ ਦਾ ਖ਼ਾਬ ਬੁਣਦੇ, ਇੱਕਠੇ ਜਨਮ ,ਮਰਨ ਦੀਆਂ ਸੋਹਾਂ ਖਾਂਦੇ, ਏਦਾਂ ਲੱਗਦਾ ਸੀ,ਜੇ ਸੋਣੀ ਮੇਰੀ ਨਾਂ ਹੋਈ ਮੈਂ ਇਸਦੇ ਬਿਨਾਂ ਮਰ ਜਾਵਾਂਗਾ,ਉਹ ਵੀ ਏਦਾਂ ਹੀ ਆਖਦੀ ਸੀ,ਕਿ ਤੇਰੇ ਬਿਨਾਂ ਜ਼ਿੰਦਗੀ ਜਿਉਣ ਤੋਂ ਪਹਿਲਾਂ ਮੈਂ ਮਰਨਾ ਪਸੰਦ ਕਰਦੀ ਆਂ...

ਅਗਲੇ ਦਿਨ ਸਵੇਰੇ ਹੀ ਜਲਦੀ ਮੈਂ ਵਾਪਿਸ ਜਾਣਾ ਸੀ, ਮੇਰੀ ਛੁੱਟੀ ਖ਼ਤਮ ਹੋ ਚੁੱਕੀ ਸੀ, ਵੀਰਵਾਰ ਦਾ ਦਿਨ ਸੀ, ਉਸਨੇ ਕਿਹਾ ਸੀ ਕਿ ਆਪਾਂ ਸਮਾਧਾਂ ਤੇ

ਮਿਲਾਂਗੇ, ਮੈਂ ਉਸਨੂੰ ਦੱਸਿਆ ਕਿ ਮੇਰੀ ਛੁੱਟੀ ਖ਼ਤਮ ਹੋ ਗਈ ਹੈ, ਮੈਨੂੰ ਕੱਲ ਨੂੰ ਜਾਣਾਂ ਪੈਣਾ ਏ, ਕਮਲ਼ੀ ਅੱਖਾਂ ਭਰ ਲੈ ਆਈ,ਤੇ ਗਲਵੱਕੜੀ ਪਾ ਕੇ ਰੋਣ ਲੱਗ ਪਈ,ਦਿਲ ਤਾਂ ਮੇਰਾ ਵੀ ਨਹੀਂ ਸੀ ਕਰ ਰਿਹਾ ਜਾਣ ਦਾ,ਪਰ ਮਜਬੂਰੀ ਜੋ ਹੋਈ, ਮੈਂ ਉਸਨੂੰ ਆਪਣੇ ਬਾਪੂ ਵਾਲਾ ਤਬੀਤ ਲੱਗ ਚੋਂ ਉਤਾਰ ਕੇ ਦਿੱਤਾ ਤੇ ਕਿਹਾ, ਮੈਂ ਹਮੇਸਾਂ ਤੇਰੇ ਕੋਲ ਹੀ ਹਾਂ, ਉਹ ਕਿੰਨਾ ਚਿਰ ਰੋਈ ਗਈ, ਉਸਨੇ ਕਿਹਾ ਕਿ ਤੂੰ ਮੇਰੇ ਨਾਲ ਵਾਦਾ ਕਰ ਕੇ ਆਪਾਂ ਅਗਲੀ ਛੁੱਟੀ ਤੇ ਇੱਕ ਦੂਸਰੇ ਨਾਲ ਵਿਆਹ ਕਰਵਾ ਲਵਾਂਗੇ,ਤੇ ਫੇਰ ਮੈਂ ਵੀ ਤੇਰੇ ਨਾਲ ਫੌਜ ਚ ਹੀ ਚਲੀ ਜਾਵਾਂਗੀ, ਮੈਂ ਉਸਨਾਲ ਵਾਦਾ ਕੀਤਾ,ਕਿ ਅਗਲੀ ਛੁੱਟੀ ਮੈਂ ਤੈਨੂੰ ਆਪਣੇ ਨਾਲ ਲੈ ਕੇ ਹੀ ਜਾਵਾਂਗਾ... ਮੈਂ ਵਾਪਿਸ ਫੌਜ ਵਿੱਚ ਚਲਾ ਗਿਆ,ਉਹ ਜਿੰਨੇ ਦਿਨ ਮੇਰੇ ਪਿੰਡ ਰਹੀਂ ਉਹ ਮੇਰਾ ਘਰ ਸੁਵਾਰ ਕੇ ਜਾਂਦੀ ਰਹੀ, ਫੇਰ ਉਹ ਵੀ ਆਪਣੇ ਪਿੰਡ ਚਲੀ ਗਈ, ਉਹ ਨਾਨਕੇ ਘਰ ਹੀ ਰਹਿੰਦੀ ਸੀ, ਉਹਦਾ  ਵੀ ਮੇਰੇ ਵਾਂਗ ਕੋਈ ਸਾਕ ਸਬੰਧੀ ਨਹੀਂ ਸੀ,ਉਸਦੀ ਨਾਨੀ ਨੇ ਮੈਨੂੰ ਝੂਠ ਬੋਲਿਆ ਸੀ,ਕਿ ਸੋਣੀ ਦੇ ਮਾਂ ਬਾਪ ਨੇ ਉਸਨੂੰ ਅਗਾਂਹ ਨਹੀਂ ਪੜਾਇਆ, ਸਗੋਂ ਸੋਣੀ ਦੀ ਨਾਨੀ ਨੇ ਹੀ ਉਸਨੂੰ ਪੜਨੋਂ ਹਟਾ ਲਿਆ ਸੀ , ਤੇ ਘਰ ਦੇ ਕੰਮਾਂ ਕਾਰਾਂ ਵਿੱਚ ਲਗਾ ਦਿੱਤਾ ਸੀ,ਉਸਦੀ ਨਾਨੀ ਉਸ ਤੇ ਸਾਰਾ ਦਿਨ ਬੜਾ ਰੋਹਬ ਮਾਰਦੀ ਤੇ ਉਸਤੋਂ ਸਾਰੇ ਕੰਮ ਕਰਾਉਂਦੀ ਸੀ, ਮੈਨੂੰ ਏਵੇਂ ਸੀ, ਅਸੀਂ ਦੋਵੇਂ ਆਪਣੀ ਨਵੀਂ ਜਿੰਦਗੀ ਵਿਚ ਵਧੀਆ ਖੁਸ਼ ਰਹਾਂਗੇ, ਪਰ ਹੋਇਆ ਉਹ ਜੋ ਸੋਚਿਆ ਵੀ ਨਹੀਂ ਸੀ।

ਮੇਰਾ ਫੌਜ ਵਿੱਚ ਭੋਰਾ ਦਿਲ ਨਾ ਲੱਗਿਆ, ਮੈਨੂੰ ਸਾਰਾ ਦਿਨ ਸੋਣੀ ਦੀ ਹੀ ਯਾਦ ਸਤਾਉਂਦੀ ਰਹਿੰਦੀ, ਮੈਂ ਸੋਣੀ ਨੂੰ ਕਈ ਚਿੱਠੀਆਂ ਵੀ ਲਿਖੀਆਂ,ਤੇ ਉਹਨੇ ਵੀ ਮੈਨੂੰ ਕਈ ਚਿੱਠੀਆਂ ਲਿਖੀਆਂ, ਇਸੇ ਤਰ੍ਹਾਂ ਕਰਦੇ ਕਰਾਉਂਦੇ ਅੱਠ ਮਹੀਨੇ ਲੰਘ ਗਏ, ਮੈਨੂੰ ਛੁੱਟੀ ਛੇ ਮਹੀਨਿਆਂ ਬਾਅਦ ਹੀ ਮਿਲ ਜਾਂਦੀ ਸੀ, ਪਰ ਏਸ ਵਾਰ ਵਧਾ ਕੇ ਇੱਕ ਸਾਲ ਬਾਅਦ ਕਰ ਦਿੱਤੀ ਗਈ, ਕਹਿੰਦੇ ਹੁੰਦੇ ਨੇ, ਆਸ਼ਕਾਂ ਦਾ ਰੱਬ ਵੀ ਵੈਰੀ

www.PunjabiLibrary.com

ਹੁੰਦਾ.... ਬਾਕੀ ਕਿਵੇਂ ਮਰਜ਼ੀ ਮੰਨ ਲਵੋ,....ਤੇਰਾ ਭਾਣਾ ਮੀਠਾ ਲਾਗੇ....,
ਮੈਂ ਸੋਣੀ ਨੂੰ ਚਿੱਠੀ ਲਿਖੀ ਉਸਨੇ ਕੋਈ ਜਵਾਬ ਨਾ ਦਿੱਤਾ, ਮੈਂ ਹੋਰ ਵੀ ਕਈ ਚਿੱਠੀਆਂ ਲਿਖੀਆਂ,ਪਰ ਉਸਨੇ ਕੋਈ ਜਵਾਬ ਨਾ ਦਿੱਤਾ, ਅਖੀਰ ਮੇਰੇ ਤੋਂ ਰਹਾ ਨਾ ਗਿਆ, ਮੈਂ ਫੌਜ ਚੋਂ ਅਸਤੀਫਾ ਦੇ ਪਿੰਡ ਆ ਗਿਆ, ਮੈਂ ਕੁੱਕੜ ਜ਼ੈਲਦਾਰ ਦੀ ਨਿੱਕੇ ਮੁੰਡੇ ਤੋਂ ਗੱਲਬਾਤਾਂ ਦੌਰਾਨ ਪੁੱਛਿਆ ਕਿ ਕਈ ਮਹੀਨਿਆਂ ਬਾਅਦ ਇੱਕ ਕੁੜੀ ਆਈ ਸੀ ਤੁਹਾਡੇ ਰਿਸ਼ਤੇਦਾਰੀ ਚੋਂ ਹੁਣ ਨਹੀਂ ਆਈ ਕਦੇ ਵੇਖਿਆ ਹੀ ਨਹੀਂ... ਉਏ ਫੋਜੀਆਂ...ਉਹ ਤੇਜ਼ ਜੀ...ਉਹ ਤਾਂ ਦੋ ਮਹੀਨੇ ਪਹਿਲਾਂ ਵਿਆਹ ਦਿੱਤੀ... ਕਹਿੰਦੇ ਸ਼ਹਿਰ ਚ ਵਿਆਹੀ ਆ... ਉਹ ਵੀ ਪੁਲਿਸ ਵਾਲੇ ਨਾਲ...,

ਮੇਰਾ ਦਿਲ ਸੱਚੀਂ ਮੁੱਚੀਂ ਚੂਰ ਚੂਰ ਹੋ ਗਿਆ, ਮੇਰੇ ਅੰਦਰ ਐਨੀਆਂ ਚੀਸਾਂ ਉੱਠ ਰਹੀਆਂ ਸੀ, ਜਿੰਨੀਆਂ ਬਿੱਛੂ ਦੇ ਡੰਗ ਨਾਲ ਉੱਠਦੀਆਂ ਨੇ, ਮੈਂ ਸਾਰੀ ਰਾਤ ਉਸਦੀਆਂ ਗੱਲਾਂ ਨੂੰ ਯਾਦ ਕਰ ਕਰ ਰੋਂਦਾ ਰਿਹਾ, ਮੈਨੂੰ ਮੇਰੀ ਸਾਰੀ ਜ਼ਿੰਦਗੀ ਤਬਾਹ ਹੋ ਗਈ ਲੱਗੀ, ਮੈਂ ਉਸਦੇ ਪਿੰਡ ਜਾ ਪਤਾ ਕੀਤਾ,ਉਹ ਗੱਲ ਸਾਰੀ ਹੀ ਸੱਚ ਨਿਕਲੀ ... ਮੇਰੇ ਦੁੱਖ ਦਾ ਕੋਈ ਟਿਕਾਣਾ ਨਾ ਰਿਹਾ... ਅਖੀਰ ਦੋ ਤਿੰਨ ਮਹੀਨੇ ਵਿਚ ਮੈਂ ਉਹ ਸਾਰਾ ਪੈਸਾ ਖ਼ਰਾਬ ਕਰ ਦਿੱਤਾ,ਜੋ ਵੀ ਫੌਜ ਵਿਚੋਂ ਕਮਾਇਆ ਸੀ ਤੇ ਮੇਰੀ ਤੇ ਸੋਹਣੀ ਦੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਲਈ ਸਾਂਭਿਆ ਸੀ।

ਅਖੀਰ ਮੈਂ ਆਪਣੇ ਆਪ ਨੂੰ ਸੰਭਾਲਿਆ ਤੇ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰਨੀਂ ਚਾਹੀ, ਮੈਂ ਪੜਨ ਵਿਚ ਵਧੀਆ ਸੀ,ਜਿਸ ਕਾਰਨ ਰੱਬ ਦੀ ਮੇਹਰ ਸਕਦਾ, ਮੈਨੂੰ ਦੁਬਾਰੇ ਸੀ.ਬੀ.ਆਈ ਡੀਪਾਰਟਮੈਂਟ ਵਿਚ ਨੌਕਰੀ ਮਿਲ ਗਈ, ਮੈਂ ਲਗਾਤਾਰ ਦੋ ਸਾਲ ਦਿੱਲੀ ਨੌਕਰੀ ਕਰੀਂ,ਦੋ ਸਾਲ ਬਾਅਦ ਮੇਰੀ ਡਿਊਟੀ ਪੰਜਾਬ ਦੇ ਕਿਸੇ ਨਰਕ ਭਰੇ ਸ਼ਹਿਰ ਵਿਚ ਲੱਗੀ,ਜਿਥੇ ਸਭ ਤੋਂ ਵੱਧ ਨਸ਼ੇ ਦਾ ਵਾਪਾਰ ਹੁੰਦਾ ਸੀ ਤੇ ਉੱਥੇ ਹੀ ਤਿੰਨ ਕੁੜੀਆਂ ਦੇ ਗੁੰਮਸ਼ੁਦਾ ਦੇ ਕੇਸ ਸੀ,ਜੋ ਛੇ ਮਹੀਨਿਆਂ ਤੋਂ ਅਚਾਨਕ ਗੁੰਮ ਸੀ, ਜਿਹਨਾਂ ਦਾ ਕੋਈ ਸੁਰਾਖ ਤੱਕ ਵੀ ਨਹੀਂ ਸੀ ਲੱਭਿਆ,ਪਤਾ

ਨਹੀਂ ਉਸ ਸ਼ਹਿਰ ਦੀ ਪੁਲਿਸ ਨੇ ਜਾਣ ਬੁੱਝ ਕੇ ਨਹੀਂ ਸੀ ਲੱਭਿਆ ਕੇ, ਜਾਂ ਸੱਚਮੁੱਚ ਹੀ ਨਹੀਂ ਸੀ ਲੱਭੀਆਂ ਉਹ...

ਮੈਨੂੰ ਇਸ ਲਈ ਤਿੰਨ ਮਹੀਨੇ ਦਾ ਸਮਾਂ ਦਿੱਤਾ ਗਿਆ, ਤੇ ਕਿਹਾ ਗਿਆ ਕਿ ਜੋ ਸਹੀ ਲੱਗੇ ਤੈਨੂੰ ਉਹ ਕਰਨ ਦਾ ਹੁਕਮ ਹੈ,ਪਰ ਇਸ ਸ਼ਹਿਰ ਚੋਂ ਨਸ਼ੇ ਦਾ ਨਿਸ਼ਾਨ ਨਹੀਂ ਰਹਿਣਾਂ ਚਾਹੀਦਾ ਤੇ ਉਹਨਾਂ ਗੁੰਮਸ਼ੁਦਾ ਕੁੜੀਆਂ ਦਾ ਹਰ ਹਾਲਤ ਪਤਾ ਕੀਤਾ ਜਾਵੇ ਤੇ ਉੱਥੋਂ ਦੀ ਪੁਲਿਸ ਤੇਰਾ ਪੂਰਾ ਸਾਥ ਦੇਵੇਗੀ, ਮੈਂ ਉਸ ਸ਼ਹਿਰ ਵਿਚ ਆਪਣੀ ਟੀਮ ਸਮੇਤ ਇਕ ਘਰ ਵਿਚ ਰਹਿਣਾ ਸ਼ੁਰੂ ਕਰ ਦਿੱਤਾ, ਦੂਸਰੇ ਤੀਸਰੇ ਦਿਨ ਹੀ ਸਾਡੇ ਉੱਪਰ ਹਮਲੇ ਹੋਣੇ ਸ਼ੁਰੂ ਹੋ ਗਏ, ਮੈਂ ਪੁਲਿਸ ਸਟੇਸ਼ਨ ਜਾਂ ਉੱਥੋਂ ਦੇ ਇੰਸਪੈਕਟਰ ਨਾਲ ਰੂਬਰੂ ਹੋਇਆ , ਜੋ ਵੇਖਣ ਵਿਚ ਹੀ ਮੈਨੂੰ ਦੋ ਨੰਬਰ ਦਾ ਬੰਦਾ ਲੱਗਿਆ ,ਜਾਂਚ ਪੜਤਾਲ ਤੋਂ ਬਾਅਦ ਪਤਾ ਲੱਗਾ ਕਿ ਨਸ਼ਿਆਂ ਦੀ ਪਹੁੰਚ ਨੂੰ ਨਸੇੜੀਆਂ ਤੀਕ ਪਹਿਚਾਉਣ ਲਈ ਪੁਲਿਸ ਦਾ ਸਭ ਤੋਂ ਵੱਡਾ ਹੱਥ ਹੈ, ਮੈਨੂੰ ਕੁਝ ਦਿਨ ਬਾਅਦ ਹੀ ਰਿਸ਼ਵਤ ਮਿਲਣੀ ਸ਼ੁਰੂ ਹੋ ਗਈ,ਪਰ ਮੇਰੀ ਜਿੰਦਗੀ ਵਿੱਚ ਪੈਸੇ ਦੀ ਪਹਿਲਾਂ ਹੀ ਕਮੀਂ ਨਹੀਂ ਸੀ... ਇੱਕ ਦਿਨ ਮੈਨੂੰ ਇੰਸਪੈਕਟਰ ਨੇ ਆਪਣੇ ਘਰ ਬੁਲਾਇਆ ਤੇ ਕਿਹਾ ਕਿ ਮੈਂ ਜ਼ਰੂਰੀ ਗੱਲ ਬਾਤ ਕਰਨੀਂ ਹੈ ਕੋਈ...,

ਜਦੋਂ ਮੈਂ ਘਰ ਪਹੁੰਚਾ ਤਾਂ ਵੇਖਿਆ ਪੁਲਿਸ ਸਟੇਸ਼ਨ ਤੋਂ ਜ਼ਿਆਦਾ ਪੁਲਿਸੀਏ ਉਸਦੇ ਘਰ ਦੇ ਬਾਹਰ ਸੀ,ਘਰਦੇ ਵਿਹੜੇ ਵਿਚ ਉਥੋਂ ਦੇ ਮੰਤਰੀ,ਐੱਮ. ਐੱਲ. ਏ,ਹੋਰ ਜਿੰਨੇ ਵੀ ਸਿਆਸਤੀ ਲੋਕ ਹੁੰਦੇ ਨੇ ਸਾਰੇ ਹੀ ਵਜੂਦ ਸੀ, ਮੈਂ ਇੱਕ ਉਥੇ ਵਚਾਲੇ ਹੀ ਖ਼ਾਲੀ ਕੁਰਸੀ ਪਈ ਸੀ, ਉੱਥੇ ਜਾ ਬੈਠ ਗਿਆ, ਇੰਸਪੈਕਟਰ ਨੇ ਸਾਰਿਆਂ ਬਾਰੇ ਦੱਸਿਆ ਕਿ ਇਹ ਕੌਣ ਹੈ,ਇਹ ਕੌਣ ਹੈ, ਉਸਨੇ ਮੈਨੂੰ ਕਿਹਾ ਕਿ ਮੈਨੂੰ ਜਿੰਨੇ ਪੈਸੇ ਚਾਹੀਦੇ ਨੇ, ਉਹ ਦੱਸ ਦੇਵੇ , ਉਸਨੂੰ ਦੇ ਦਿੱਤੇ ਜਾਣਗੇ,ਪਰ ਉਹ ਇਸ ਸ਼ਹਿਰ ਵਿੱਚੋਂ ਚਲਾ ਜਾਏ, ਮੈਂ ਉਹਨਾਂ ਨੂੰ ਜਵਾਬ ਦਿੱਤਾ ਕਿ ਮੇਰੇ ਅੰਦਰ ਡਰ ਨਾਂ ਦੀ ਕੋਈ

www.PunjabiLibrary.com

ਚੀਜ਼ ਨਹੀਂ ਹੈ...ਪਤਾ ਕਿਉਂ... ਕਿਉਂਕਿ... ਮੈਂ ਪਹਿਲਾਂ ਹੀ ਮਰਿਆਂ ਹੋਇਆਂ ਆਂ...ਉਹ ਸਾਰੇ ਮੇਰੇ ਮੂੰਹ ਵੱਲ ਵੇਖ ਰਹੇ ਸੀ... ਮੈਂ ਉਹਨਾਂ ਨੂੰ ਕਿਹਾ ... ਤੁਹਾਨੂੰ ਇੱਕ ਕਹਾਣੀ ਸੁਣਾਵਾਂ... ਇੰਸਪੈਕਟਰ ਬੋਲਿਆ... ਕਿਉਂ... ਆਖ਼ਰੀ ਖਵਾਇਸ਼ ਹੈ,... ਮੈਂ ਕਿਹਾ... ਜਿਵੇਂ ਸਹੀ ਲੱਗੇ ਉਵੇਂ...ਸਮਝ ਲਵੋ....,

ਇੱਕ ਹੱਸਦਾ ਵੱਸਦਾ ਪਰਿਵਾਰ ਸੀ, ਇੱਕ ਕਿਸਾਨ ਦਾ,ਉਸਦੇ ਦੋ ਪੁੱਤਰ ਸੀ,ਦੋ ਲੜਕੀਆਂ ਸੀ, ਤੇ ਕਿਸਾਨ ਦੇ ਆਪਣੇ ਮਾਂ ਪਿਓ ਸੀ, ਵਧੀਆਂ ਖੁਸ਼ ਸੀ ਉਹ, ਕਿਉਂਕਿ ਉਹ ਕੁਝ ਪੈਲੀ ਠੇਕੇ ਤੇ ਲੈਂਦਾ ਤੇ ਵਧੀਆ ਫ਼ਸਲ ਹੁੰਦੀ ਤੇ ਵਧੀਆ ਕਮਾਈ ਹੁੰਦੀ ਤੇ ਆਪਣੇ ਘਰ ਦਾ ਖਰਚ ਵਧੀਆ ਚੱਲਦਾ..., ਹੌਲ਼ੀ ਹੌਲ਼ੀ ਕਿਸਾਨ ਨੇ ਤਰੱਕੀ ਕਰ ਲਈ, ਉਸਨੇ ਕੁਝ ਪੈਲੀ ਖੁਦ ਖਰੀਦ ਲਈ...ਪਰ ਉਸ ਪਿੰਡ ਦੇ ਜਗੀਰਦਾਰ ਤੋਂ ਉਸਦੀ ਤਰੱਕੀ ਜ਼ਰੀ ਨਾ ਗਈ, ਉਸਨੇ ਕਿਸਾਨ ਦੀ ਸਾਰੀ ਫਸਲ ਖ਼ਰਾਬ ਕਰ ਦਿੱਤੀ, ਕਿਸਾਨ ਕੁਝ ਨਾ ਬੋਲਿਆ, ਸਗੋਂ ਚੁੱਪ ਰਿਹਾ,ਉਸ ਨੇ ਫੇਰ ਜਦੋਂ ਫਸਲ ਪੱਕਣ ਤੇ ਆਈ ਖ਼ਰਾਬ ਕਰ ਦਿੱਤੀ, ਅਖੀਰ ਕਿਸਾਨ ਨੇ ਪੈਲੀ ਹੀ ਵੇਚ ਦਿੱਤੀ ਤੇ ਕੁਝ ਮੱਝਾਂ ਪਾਲ ਲਈਆਂ,ਤੇ ਉਹ ਉਹਨਾਂ ਦਾ ਦੁੱਧ ਵੇਚ ਗੁਜ਼ਾਰਾ ਕਰਦਾ,ਉਹ ਵਧੀਆ ਪੈਸੇ ਵੀ ਵਚਾ ਲੈਂਦਾ, ਇੱਕ ਦਿਨ ਕੀ ਹੋਇਆ ਜਗੀਰਦਾਰ ਤੋਂ ਇਹ ਵੀ ਨਾ ਵੇਖਿਆ ਗਿਆ, ਉਸਨੇ ਕਿਸਾਨ ਦੇ ਸਾਰੇ ਪਸ਼ੂਆਂ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ, ਕਿਸਾਨ ਪੂਰੀ ਤਰ੍ਹਾਂ ਬਰਬਾਦ ਹੋ ਗਿਆ, ਜਿੱਥੇ ਸਾਰਾ ਟੱਬਰ ਫ਼ਿਕਰ ਕਰ ਰਿਹਾ ਸੀ, ਕਿਸਾਨ ਨੇ ਸਾਰੇ ਟੱਬਰ ਨੂੰ ਹੌਂਸਲਾ ਦਿੱਤਾ ਕਿ ਕੁਝ ਨਹੀਂ ਹੁੰਦਾ ਕੱਲ ਸਵੇਰ ਤੀਕ ਸਭ ਕੁਝ ਸਹੀ ਹੋ ਜਾਵੇਗਾ, ਕਿਸਾਨ ਨੇ ਸਗੋਂ ਖੀਰ ਬਣਾ ਲਈ ਤੇ ਖੀਰ ਵਿਚ ਜ਼ਹਿਰ ਮਿਲਾ ਦਿੱਤਾ, ਸਾਰਿਆਂ ਨੇ ਖੀਰ ਖਾਈ ਤੇ ਸਾਰੇ ਮਰ ਗਏ,ਪਰ ਬਦਕਿਸਮਤੀ ਨਾਲ ਕਿਸਾਨ ਦਾ ਇਕ ਪੁੱਤਰ ਬਚ ਗਿਆ...ਪਤਾ ਹੁਣ ਉਹ ਕਿਸਾਨ ਦਾ ਪੁੱਤ ਕਿੱਥੇ ਆ... ਇੰਸਪੈਕਟਰ ਹੱਸ ਕੇ ਬੋਲਿਆ...ਉਹ ਵੀ ਮਰ ਗਿਆ ਹੋਣਾ... ਨਹੀਂ ਉਹ ਮੈਂ ਹਾਂ... ਸਾਰਿਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ...

ਮੈਂ ਕੁਰਸੀ ਤੋਂ ਖੜਾ ਹੋ ਤੁਰਨ ਹੀ ਲੱਗਾ ਸੀ ਕਿ ਵੇਖ ਕੇ ਹੈਰਾਨ ਰਹਿ ਗਿਆ, ਸਾਹਮਣੇ ਸੋਣੀ ਘਰ ਵਿਚ ਆ ਰਹੀ ਸੀ, ਮੈਨੂੰ ਕੁਝ ਸਮਝ ਨਹੀਂ ਲੱਗਿਆ, ਮੈਂ ਉੱਥੋਂ ਚਲਾ ਆਇਆ, ਮੈਨੂੰ ਜਾਂਚ ਪੜਤਾਲ ਤੋਂ ਬਾਅਦ ਪਤਾ ਲੱਗਾ ਕਿ ਏਥੋਂ ਜੋ ਕੁੜੀਆਂ ਗੁੰਮਸ਼ੁਦਾ ਨੇ ਉਹਨਾਂ ਨੂੰ ਪੁਲਿਸ ਹੀ ਚੁੱਕ ਕੇ ਲੈ ਕੇ ਗਈ ਸੀ,ਪਰ ਮੇਰੇ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਸੀ, ਮੈਂ ਇੱਕ ਦਿਨ ਬਾਜ਼ਾਰ ਵਿਚ ਜਾ ਰਿਹਾ ਸੀ, ਉੱਧਰੋਂ ਹੀ ਸੋਣੀ ਆ ਰਹੀ ਸੀ,ਉਸ ਨਾਲ ਪੁਲਿਸ ਵਾਲੇ ਵੀ ਸਨ, ਉਸਨੇ ਉਹਨਾਂ ਪੁਲਿਸ ਵਾਲਿਆਂ ਨੂੰ ਕੁਝ ਕਿਹਾ ਤੇ ਮੈਨੂੰ ਇਸ਼ਾਰਾ ਕਰਿਆਂ ਕਿ ਮੈਂ ਉਹਦੇ ਮਗਰ ਆਵਾਂ,ਉਹ ਕਿਸੇ ਭੀੜੀ ਜਿਹੀ ਵੀਹੀ ਵਿਚ ਚਲੀ ਗਈ, ਉਸਦੀਆਂ ਅੱਖਾਂ ਵਿਚੋਂ ਹੰਝੂ ਡੁੱਲ ਰਹੇ ਸੀ,ਜੋ ਮੈਨੂੰ ਉਹਦੇ ਕੋਲ ਜਾਦੇ ਸਾਰ ਹੋਰ ਤੇਜ਼ ਉਹ ਗਏ...

ਸੋਣੀ : ਤੂੰ ਏਥੇ ਕੀ ਕਰਨ ਆਇਆ...???

ਮੈਂ : ਤੂੰ ਉਹ ਇੰਸਪੈਕਟਰ , ਕਿ ਘਰ ਕੀ ਕਰਨ ਗਈ ਸੀ।

ਸੋਣੀ : ਤੈਨੂੰ ਕੀ ਫ਼ਿਕਰ ਆ...

ਮੈਂ : ਮੈਨੂੰ ਇਹ ਗੱਲ ਦੱਸ, ਤੂੰ ਉੱਥੇ ਕਰਨ ਕੀ ਗਈ ਸੀ...

ਸੋਣੀ : ਉਹ ਮੇਰਾ ਘਰ ਹੈ...

ਮੈਂ : ਤੂੰ ਉਹਦੇ ਨਾਲ ਵਿਆਹ ਕਰਵਾ ਲਿਆ...

ਸੋਣੀ : ਨਹੀਂ ,ਕਰ ਦਿੱਤਾ

ਮੈਂ : ਮੈਂ ਫੌਜ ਛੱਡ ਕੇ ਆ ਗਿਆ ਸੀ...

ਸੋਣੀ : ਫੇਰ ਏਥੇ ਕੀ ਕਰਦਾ....

ਮੈਂ : ਸਾਰੀ ਗੱਲ ਦੱਸੀ...

ਸੋਣੀ : ਮੈਂ ਬਣਾਂਗੀ... ਗਵਾਹ,ਪਰ ਇਹ ਗੱਲ ਕਿਸੇ ਨੂੰ ਪਤਾ ਨਹੀਂ ਲੱਗਣੀ ਚਾਹੀਦੀ

ਮੈਂ : ਪਤਾ ਪਹਿਲਾਂ ਵੀ ਨਹੀਂ ਸੀ....

ਇਹ ਗੱਲ ਇੱਕ ਪੁਲਿਸੀਏ ਨੇ ਸੁਣ ਲਈ,ਸੋਣੀ ਨੂੰ ਇੰਸਪੈਕਟਰ ਨੇ ਬਹੁਤ ਕੁੱਟਿਆ,ਪਰ ਉਹ ਕਿਵੇਂ ਨਾ ਕਿਵੇਂ ਬੱਚ ਨਿਕਲੀ ਤੇ ਮੇਰੇ ਕੋਲ ਪਹੁੰਚ ਗਈ, ਉਸਤੋਂ ਬਾਅਦ ਸੋਣੀ ਨੇ ਅਦਾਲਤ ਵਿੱਚ ਇੰਸਪੈਕਟਰ ਦਾ ਤੇ ਉਸਦੇ ਸਾਥ ਦੇਣ ਵਾਲਿਆਂ ਦਾ ਪਰਦਾ ਚੁੱਕ ਦਿੱਤਾ,ਤੇ ਅਦਾਲਤ ਨੇ ਉਹਨਾਂ ਨੂੰ ਉਮਰ ਭਰ ਦੀ ਸਜ਼ਾ ਸੁਣਾ ਦਿੱਤੀ..

ਮੈਂ ਤੇ ਸੋਣੀ ਦੁਬਾਰਾ ਇੱਕਠੇ ਹੋ ਗਏ, ਅਸੀਂ ਇੱਕ ਦੂਸਰੇ ਨਾਲ ਵਿਆਹ ਕਰਵਾ ਲਿਆ , ਅਸੀਂ ਜੋ ਜ਼ਿੰਦਗੀ ਇੱਕਠਿਆਂ ਜਿਉਂਣ ਦੀ ਸੋਚੀ ਸੀ, ਹੁਣ ਉਹੀ ਜ਼ਿੰਦਗੀ ਜਿਓਂ ਰਹੇ ਹਾਂ, ਤੇ ਸੋਣੀ ਹੁਣ ਵੀ ਏਹੀ ਗੱਲ ਕਹਿੰਦੀ ਹੁੰਦੀ ਏ .... ਫੋਜੀਆ ਜੇ ਮੈਨੂੰ ਮੇਰੀ ਕਿਸਮਤ ਅਗਲੇ ਜਨਮ ਵਿੱਚ ਖੁਦ ਲਿਖਣ ਨੂੰ ਮਿਲ਼ੀ ਤਾਂ, ਮੈਂ ਸਭ ਤੋਂ ਪਹਿਲਾਂ ਤੈਨੂੰ ਲਿਖਾਂਗੀ

ਪਿਆਰ ਤਾਂ ਰੂਹਾਂ ਦੀ ਭੁੱਖ ਹੈ,
ਇਹਦੇ ਸਾਹਮਣੇ ਭਲਾਂ ਕੀ,
ਸੁੱਖ ਤੇ ਭਲਾਂ ਕੀ ਦੁੱਖ ਹੈ..

ਇਹ ਤਾਂ ਬਾਬਿਆਂ ਦੀ ਬਾਣੀ ਚੋਂ
ਮਹਿਬੂਬ ਦਾ ਨਾਮ ਸੁਣ ਲੈਂਦਾ ਏ
ਜੋ ਲੱਖਾਂ ਤੇ ਕਰੋੜਾਂ ਹੀ ਚਿਹਰਿਆਂ ਚੋਂ
ਸਭ ਛੱਡ ਇੱਕ ਚੁਣ ਲੈਂਦਾਂ ਹੈ

***

**ਭਾਗ : ਆਖਰੀ**

ਲਗਭਗ ਰਾਤ ਦੇ ਸਵਾ ਕੁ ਬਾਰਾਂ ਦਾ ਟਾਇਮ ਹੋਣਾ, ਮੈਸਜ਼ ਦੀ ਘੰਟੀ ਖੜਕੀ, ਮੇਰੀ ਅਚਾਨਕ ਹੀ ਅੱਖ ਜਿਹੀ ਖੁੱਲ੍ਹ ਗਈ, ਮੈਂ ਵੇਖਿਆ ਸਹਿਜ ਦਾ ਮੈਸਜ਼ ਆਇਆ ਸੀ, ਜਿਸ ਵਿਚ ਲਿਖਿਆ ਹੋਇਆ ਸੀ।

: ----

ਸਾਨੂੰ ਅੱਜ ਵੀ ਏਸ ਗੱਲ ਤੇ ਮਾਣ ਬੜਾ
ਕਿ ਅਸੀਂ ਆਪਣੀ ਜ਼ਿੰਦਗੀ ਦੇ
ਖ਼ਾਸ ਪਲ ਤੇਰੇ ਨਾਲ ਬਤਾਏ ਨੇ...

ਸਭ ਭੁੱਲਾ ਸਕਦੀ ,ਮੈਂ ਸਭ ਲੁੱਟਾ ਸਕਦੀ
ਉਹ ਰਹਿਮਤ ਨਾਲੋਂ ਵੀ ਕੀਮਤੀ
ਜੋ ਸਾਹ ਤੇਰੇ ਸੰਗ ਆਏ ਨੇ...

ਕਿਦਾਂ ਮਾਣ ਕਰਾਂ ਮੈਂ ਸੋਹਣੀ ਸੂਰਤ ਦਾ
ਤੇਰੇ ਦਿਲ ਦੇ ਅੱਗੇ ਸਭ ਕੁਝ ਫਿੱਕਾ ਏ
ਤੂੰ ਗੁੱਟ ਤੇ ਬੰਨ੍ਹਣ ਲਈ ਸੀ ਘੜੀ ਦਿੱਤੀ
ਤੇ ਆਹ ਸਿਰ ਲੱਗਿਆ ਕਿਸੇ ਦਾ ਟਿੱਕਾ ਏ

ਮੈਂ ਹੋਰ ਕਰਕੇ ਗੁੰਮਰਾਹ ਤੈਨੂੰ
ਹੋਰ ਵਧੀਕੀ ਨੀਂ ਪਾ ਸਕਦੀ
ਤੂੰ ਖੁਸ਼ ਰਹਿ ਆਪਣੀ ਜ਼ਿੰਦਗੀ ਚ
ਮੈਂ ਤੈਨੂੰ ਹੋਰ ਗਲ਼ੇ ਨੀ ਲਾ ਸਕਦੀ

ਬੇਸ਼ੱਕ ਆਖੀਂ ਤੂੰ ਬੇਵਫ਼ਾ
ਤੇ ਬੇਸ਼ੱਕ ਆਖੀਂ ਧੋਖੇਬਾਜ਼ ਮੈਨੂੰ

ਜੋ ਹੁਣ ਤੀਕ ਰੱਖੇ ਲਕੋ ਕੇ
ਮੈਂ ਸਭ ਦੱਸ ਦਿੱਤੇ ਰਾਜ਼ ਤੈਨੂੰ

ਕਿਤੇ ਲੱਭਦਾ ਹੋਇਆ ਪੈੜਾਂ ਨੂੰ
ਮੇਰੇ ਮਗਰ ਨਾ ਤੁਰ ਕੇ ਆ ਜਾਵੀਂ
ਇੱਕ ਹੁੰਦੀ ਸੀ ਸਹਿਜ ਉਸ ਸ਼ਹਿਰ ਦੀ
ਕਿਤੇ ਇਹ ਝੋਰਾ ਨਾ ਦਿਲ ਨੂੰ ਲਾ ਜਾਵੀਂ

ਹੁਣ ਬਣਕੇ ਬੱਦਲ਼ ਗਰਦੇ ਦਾ
ਹਵਾ ਵਿੱਚ ਉੱਡਣਾ ਸਿੱਖਾਗੀਂ
ਸਭ ਭੁੱਲ ਕੇ ਦਿੱਤੇ ਤੋਹਫਿਆਂ ਨੂੰ
ਜੰਨਤ ਮੰਜ਼ਿਲ ਮਿੱਥਾਗੀਂ

ਅਲਵਿਦਾ....ਸਹਿਜ
ਮੈਨੂੰ ਅੱਜ ਤੋਂ ਬਾਅਦ ਮੈਸਜ਼ ਨਾ ਕਰਨਾ

ਮੇਰੀ ਮੈਸਜ਼ ਪੜਦੇ ਸਾਰ ਹੀ ਨੀਂਦ ਉੱਡ ਗਈ, ਮੈਂ ਨਾਲਦੀ ਨਾਲ ਮੈਸਜ਼ ਦਾ ਜਵਾਬ ਦੇਣਾ ਚਾਹਿਆ... ਮੈਂ ਕਿਹਾ ਇਹ ਤਾਂ ਦੱਸੋ ਗੱਲ ਕੀ ਹੋਈ ਹੈ, ਭਲਾਂ...ਪਰ ਇਸ ਤੋਂ ਪਹਿਲਾਂ ਕਿ ਉਹ ਮੇਰਾ ਮੈਸਜ਼ ਵੇਖਦੀ , ਉਸ ਨੇ ਮੈਨੂੰ ਬਲੌਕ ਕਰ ਦਿੱਤਾ, ਮੈਨੂੰ ਪਤਾ ਮੈਂ ਉਹ ਰਾਤ ਕਿਸ ਤਰ੍ਹਾਂ ਲੰਘਾਈ

ਮੈਨੂੰ ਇੱਕ ਹਫਤਾ ਇੱਕ ਪਲ਼ ਵੀ ਚੰਗਾ ਨਾ ਲੱਗਾ, ਮੈਂ ਕਿਸੇ ਨਾ ਕਿਸੇ ਤਰ੍ਹਾਂ ਸਹਿਜ ਨਾਲ਼ ਸੰਪਰਕ ਕਰਨ ਦੀ ਕੋਸ਼ਿਸ਼ ਕਰੀ, ਪਰ ਉਹ ਸਭ ਕੁਝ ਬੰਦ ਕਰ ਚੁੱਕੀ ਸੀ,ਨਾ ਫੇਸਬੁੱਕ, ਨਾ ਵਾੱਟਸ ਅੱਪ, ਨਾ ਫੋਨ , ਮਤਲਬ ਸਭ ਕੁਝ ਜਿਸ ਰਾਹੀਂ ਵੀ ਮੈਂ ਉਸ ਦੇ ਸੰਪਰਕ ਵਿਚ ਸੀ।ਉਸ ਦੁਬਾਰਾ ਭੇਜੇ ਆਖ਼ਰੀ ਮੈਸਜ਼ ਨੂੰ ਮੈਂ ਦਿਨ ਵਿਚ ਕਈ ਕਈ ਵਾਰ ਪੜਦਾ, ਮੈਨੂੰ ਇਹ ਤਾਂ ਸਮਝ ਲੱਗ ਚੁੱਕਾ ਸੀ, ਕਿ ਉਹ ਮੈਨੂੰ ਆਖ਼ਰੀ ਮੈਸਜ਼ ਵਿਚ ਕਹਿਣਾ ਕੀ ਚਾਹੁੰਦੀ ਸੀ, ਪਰ ਮੈਨੂੰ ਉਸ ਨਾਲ ਕੋਈ

ਫ਼ਰਕ ਨਹੀਂ ਸੀ ਪੈਂਦਾ, ਕਿ ਮੇਰੇ ਤੋਂ ਪਹਿਲਾਂ ਉਸਦੀ ਜ਼ਿੰਦਗੀ ਵਿਚ ਕੌਣ ਸੀ, ਕੌਣ ਨਾ...ਪਰ ਸਾਲਾਂ ਦੇ ਰਿਸ਼ਤੇ ਦੇ ਅਚਾਨਕ ਟੁੱਟ ਜਾਣ ਜੋ ਦਰਦ ਹੁੰਦਾ ਹੈ, ਉਹ ਇਨਸਾਨ ਹੀ ਸਮਝ ਸਕਦਾ ਜਿਸਤੇ ਇਹ ਸਭ ਬੀਤੀ ਹੋਵੇ....

ਕਿੰਨਾ ਕੂ ਚਿਰ ਕਿਸੇ ਦੇ ਗ਼ਮਾਂ ਦੇ ਸਹਾਰੇ ਨਾਲ ਜ਼ਿੰਦਗੀ ਲੰਘਦੀ ਹੈ, ਫੇਰ ਮੈਂ ਦੁਬਾਰਾ ਪੜਾਈ ਸ਼ੁਰੂ ਕਰਨ ਦਾ ਫੈਸਲਾ ਕਰਿਆ, ਮੈਂ ਐੱਮ.ਏ  ਕਰਨੀ ਸ਼ੁਰੂ ਕਰ ਦਿੱਤੀ, ਮੇਰੀ ਜਿੰਦਗੀ ਵਿੱਚ ਹੋਰ ਵੀ ਬਹੁਤ ਜ਼ਿਆਦਾ ਬਦਲਾਅ ਆ ਗਏ, ਪਰ ਮੇਰੇ ਵਿਚ ਮੁੜ ਕਿਸੇ ਔਰਤ ਦੀਆਂ ਅੱਖਾਂ ਦੇ ਵਿਚ ਅੱਖਾਂ ਪਾ ਗੱਲ ਕਰਨ ਦੀ ਹਿੰਮਤ ਨਾ ਆਈ, ਮੈਂ ਜਦੋਂ ਵੀ ਕਾੱਲਜ ਵਿਚ ਕਿਸੇ ਕੁੜੀ ਵੱਲ ਵੇਖਦਾ , ਮੈਨੂੰ ਸਹਿਜ ਦਾ ਚੇਤਾ ਆ ਜਾਂਦਾ , ਮੈਂ ਆਪਣੀ ਇੱਕ ਕਿਤਾਬ ਲਿਖਣੀ ਸ਼ੁਰੂ ਕਰ ਦਿੱਤੀ ਸੀ, ਜਿਸ ਦਾ ਨਾਂ ਮੈਂ ਹਾਲੇ ਤੀਕ ਨਹੀਂ ਸੀ ਸੋਚਿਆ, ਪਰ ਮੇਰਾ ਦਿਲ ਕਿਹ ਰਿਹਾ ਸੀ, ਕਿ ਇਸ ਕਿਤਾਬ ਦਾ ਨਾਮ ਸਹਿਜ ਰੱਖਿਆ ਜਾਵੇ, ਪਰ ਦਿਮਾਗ ਇਜਾਜ਼ਤ ਨਹੀਂ ਸੀ ਦੇ ਰਿਹਾ,ਇੱਕ ਸ਼ਾਮ ਦੀ ਗੱਲ ਆ, ਮੈਂ ਹੋਸਟਲ ਦੇ ਛੱਤ ਤੇ ਬੈਠਾ ਕੁਝ ਲਿਖ ਰਿਹਾ ਸੀ, ਨਾਲ਼ਦੇ ਕਮਰੇ ਵਾਲ਼ੀ ਛੱਤ ਬੈਠੀ ਇੱਕ ਕੁੜੀ ਰੋ ਰਹੀ ਸੀ, ਮੈਂ ਉਸ ਨੂੰ ਜਾਣਦਾ ਸੀ, ਉਹ ਐੱਮ.ਏ ਦੀ ਹੀ ਵਿਦਿਆਰਥਣ ਸੀ, ਪਰ ਹਾਂ ਉਹ ਹਿੰਦੀ ਦੀ ਐਮ.ਏ ਕਰਦੀ ਸੀ, ਤੇ ਮੈਂ ਪੰਜਾਬੀ ਦੀ, ਮੈਂ ਉਸ ਨੂੰ ਬੋਲ ਮਾਰਿਆ... ਹੈਲੋ..ਹਾਏ...ਕੀ ਹੋ ਗਿਆ...ਕੀ ਗੱਲ... ਤੁਸੀਂ ਰੋ ਰਹੇ ਹੋ... ਪਹਿਲਾਂ ਤਾਂ ਉਸ ਨੇ ਕੁਝ ਨਹੀਂ ਦੱਸਿਆ... ਮੈਂ ਦੁਬਾਰਾ ਲਿਖਣਾ ਸ਼ੁਰੂ ਕਰ ਦਿੱਤਾ...ਉਹ ਮੇਰੀ ਛੱਤ ਦੇ ਕੋਲ ਆ ਖੜ ਗਈ...ਤੇ ਬੋਲੀ..ਕੀ ਗੱਲ ਮੇਰੇ ਬਾਰੇ ਲਿਖ ਰਹੇ ਹੋ ... ਮੈਂ ਕਿਉਂ... ਮੈਂ ਕਿਉਂ ਲਿਖਾਂਗਾ ਤੁਹਾਡੇ ਬਾਰੇ...ਅੱਛਾ.. ਫੇਰ ਹੋਰ ਕੀ ਲਿਖ ਰਹੇ ਹੋ... ਮੈਂ ਥੋੜ੍ਹੀ ਆਕੜ ਜਿਹੀ ਚ ਬੋਲਿਆ... ਤੁਹਾਨੂੰ ਕੀ ਮੈਂ ਕੁਝ ਹੀ ਲਿਖਾਂ... ਮੇਰੀ ਮਰਜ਼ੀ... ਤੁਸੀਂ ਵੀ ਤਾਂ ਰੋ ਹੀ ਰਹੇ ਸੀ.. ਕੁਝ ਸਮਾਂ ਪਹਿਲਾਂ...,ਮੇਰਾ ਨਾਂ ਅਮਨ, ਮੈਂ ਤਰਨਤਾਰਨ ਤੋਂ ਹਾਂ, ਤੇ ਤੁਸੀਂ, ਮੈਂ ਦੀਪ.. ਰਾਏਪੁਰ ਤੋਂ ( ਕਿਲਾ ਰਾਏਪੁਰ )... ਫਿਰ ਤਾਂ ਨੇੜਲੇ ਹੀ ਹੋ... ਹਾਂ...ਘਰ ਨਹੀਂ ਜਾਂਦੇ.. ਨਹੀਂ...ਜੀ ਨਹੀਂ ਲੱਗਦਾ..ਘਰ

ਵੈਸੇ ਤੁਸੀਂ ਰੋ ਕਿਉਂ ਰਹੇ ਸੀ... ਦੀਪ ਕਿਸੇ ਹੋਰ ਨੂੰ ਨਾ ਦੱਸਿਓ...ਯਰ ਮੇਰਾ.. ਇੱਕ ਬੁਆਏਫਰੈਂਡ ਸੀ, ਸਾਡੀ ਫਰੈਂਡਸਿਪ ਪਿਛਲੇ ਪੰਜ ਸਾਲ ਤੋਂ ਚੱਲ ਰਹੀ ਸੀ, ਉਸ ਨੇ ਮੇਰੇ ਨਾਲ ਵਾਦਾ ਕੀਤਾ ਸੀ ਕਿ ਉਹ ਮੇਰੇ ਨਾਲ ਵਿਆਹ ਕਰਵਾਵੇਗੀ...ਪਰ ਯਰ ਇੱਕ ਮਹੀਨੇ ਪਹਿਲਾਂ ਸਾਡੀ ਨਿੱਕੀ ਜਿਹੀ ਗੱਲ ਤੇ ਲੜਾਈ ਹੋ ਗਈ... ਮੈਂ ਉਸ ਨਾਲ ਗੱਲ ਨਹੀਂ ਕਰੀਂ...ਤੇ ਉਸ ਨੇ ਅੱਜ ਸਵੇਰੇ ਫੋਨ ਲਗਾਇਆ ਸੀ...ਕਿ ਮੇਰਾ ਤਾਂ ਰਿਸ਼ਤਾ ਪੱਕਾ ਹੋ ਗਿਆ...ਤੇ ਮੈਂ ਤਾਂ ਕਨੇਡਾ ਜਾ ਰਿਹਾ... ਹੁਣ ਤੁਸੀਂ ਦੱਸੋ ਜੇ ਮੈਂ ਰੋਵਾਂ ਨਾ ਤਾਂ ਹੋਰ ਕੀ ਕਰਾਂ... ਮੈਂ ਉਸ ਤੇ ਸੱਭ ਤੋਂ ਜ਼ਿਆਦਾ ਵਿਸ਼ਵਾਸ਼ ਕਰਿਆ ਸੀ,ਉਸ ਪਿੱਛੇ ਮੈਂ ਕਿੰਨੀ ਕਿੰਨੀ ਵਾਰ ਘਰ ਝੂਠ ਬੋਲਿਆ ਹੈ, ਬਸ ਪੁੱਛੋ ਨਾ ਯਰ ਬਹੁਤ ਜ਼ਿਆਦਾ ਦਿਮਾਗ਼ ਖ਼ਰਾਬ ਹੋਇਆ ਪਿਆ ਏ... ਹੁਣ ਤੁਸੀਂ ਦੱਸੋ ਮੈਂ ਕੀ ਕਰਾਂ...ਹੋ ਸਕਦਾ ਭੁੱਲ ਜਾਵੇ... ਮੈਂ ਕਿਹਾ... ਯਰ ਕਹਿਣਾ ਸੌਖਾ...ਪਰ ਭੁੱਲਣਾ ਬਹੁਤ ਔਖਾ... ਮੈਂ ਜਵਾਬ ਦਿੱਤਾ...ਪਤਾ ਹੈ ਮੈਨੂੰ, ਮੇਰੇ ਤੋਂ ਵੱਧਕੇ ਭਲਾਂ ਕੌਣ ਜਾਣ ਸਕਦਾ... ਕਿਉਂ ਤੁਹਾਨੂੰ ਵੀ ਕਿਸੇ ਨੇ ਧੋਖਾ ਦਿੱਤਾ ਹੈ ਅਮਨ ਨੇ ਪੁੱਛਿਆ... ਮੈਂ ਬੋਲਿਆ.. ਕਿਸੇ ਨੇ ਨਹੀਂ... ਆਪਣੇ ਨੇ... ਫੇਰ ਮੈਂ ਨਾ ਰੋਕ ਸਕਿਆ ... ਮੈਂ ਉਸ ਨੂੰ ਮੇਰੇ ਤੇ ਸਹਿਜ ਦੇ ਵਿੱਚ ਜੋ ਜੋ ਹੋਇਆ ਸਭ ਦੱਸ ਦਿੱਤਾ...ਰਾਤ ਕਾਫ਼ੀ ਹੋ ਗਈ ਸੀ,ਉਸ ਤੋਂ ਬਾਅਦ ਅਸੀਂ ਆਪਣੇ ਆਪਣੇ ਕਮਰੇ ਵਿਚ ਚਲੇ ਗਏ... ਅਸੀਂ ਹਰ ਰੋਜ਼ ਛੱਤ ਤੇ ਦੋਵੇਂ ਇੱਕਠੇ ਹੋ ਜਾਂਦੇ ਤੇ ਕਿੰਨਾ ਕਿੰਨਾ ਘੰਟਾ ਗੱਲਾਂ ਕਰਦੇ ਰਹਿੰਦੇ... ਹੁਣ ਅਸੀਂ ਇੱਕ ਦੂਸਰੇ ਨਾਲ ਫੋਨ ਉੱਪਰ ਵੀ ਗੱਲ ਕਰਨ ਲੱਗ ਗਏ ਸੀ, ਪਰ ਮੈਂ ਮੇਰੇ ਵੱਲੋਂ ਪਿਆਰ , ਮੁਹੱਬਤ ਕੁਝ ਨਹੀਂ ਸੀ, ਇੱਕ ਦਿਨ ਕੀ ਹੋਇਆ... ਮੈਨੂੰ ਲੱਗਦਾ ਮਾਰਚ ਦੇ ਮਹੀਨੇ ਦੀ ਅੱਠ ਤਾਰੀਖ਼ ਸੀ, ਅਸੀਂ ਛੱਤ ਤੇ ਬੈਠੇ ਸੀ, ਉਸ ਨੇ ਅਚਾਨਕ ਹੀ ਮੇਰਾ ਹੱਥ ਆਪਣੇ ਹੱਥਾਂ ਵਿਚ ਲੈ ਲਿਆ, ਮੈਂ ਉਸਦੇ ਦੇ ਚਿਹਰੇ ਵੱਲ ਵੇਖ ਕੇ ਸਭ ਕੁਝ ਸਮਝ ਰਿਹਾ ਸਾਂ, ਉਹ ਕਿੰਨਾ ਹੀ ਚਿਰ ਬਿਨਾਂ ਅੱਖ ਝਪਕਾਏ ਮੇਰੇ ਵੱਲ ਵੇਖਦੀ ਰਹੀ, ਪਰ ਦੂਸਰੇ ਹੱਥ ਨਾਲ ਉਸਦਾ ਦਾ ਮੋਢਾ ਹਲਾਇਆ ਤੇ ਪੁੱਛਿਆ ਅਮਨ ਕੀ ਹੋ ਗਿਆ, ਕੋਈ ਦਿੱਕਤ ਹੈ ਤਾ ਦੱਸ ਦੇਵੋ, ਉਸ ਨੇ ਕਿਹਾ ਦੀਪ ਮੈਨੂੰ ਲੱਗਦਾ ਹੈ ਮੈਨੂੰ ਤੁਹਾਡੇ ਨਾਲ ਪਿਆਰ ਹੋ ਗਿਆ ਹੈ, ਮੈਨੂੰ ਹਰ ਵਕਤ

www.PunjabiLibrary.com

ਤੁਹਾਡੇ ਹੀ ਖਿਆਲ ਆਉਂਦੇ ਰਹਿੰਦੇ ਨੇ, ਮੇਰੇ ਸੁਪਨਿਆਂ ਵਿਚ ਵੀ ਤੁਸੀ ਹੀ ਰਹਿੰਦੇ ਹੋ, ਉਹ ਇਸ ਤੋਂ ਅਗਾਂਹ ਕੁਝ ਬੋਲਦੀ ਮੈਂ ਉਸ ਦੇ ਮੂੰਹ ਉੱਪਰ ਹੱਥ ਧਰਿਆ ਤੇ ਕਿਹਾ ਅਮਨ ਆਪਾਂ ਦੋਵੇਂ ਚੰਗੇ ਦੋਸਤ ਆਂ, ਜੇਕਰ ਤੁਹਾਨੂੰ ਆਪਣੀ ਦੋਸਤੀ ਵਿਚ ਕਮੀਂ ਲੱਗਦੀ ਹੈ ਤਾਂ ਮੈਨੂੰ ਦੱਸ ਸਕਦੇ ਹੋ, ਪਰ ਮੈਂ ਦੁਬਾਰਾ ਇਸ ਰਾਹ ਉੱਪਰ ਨਹੀਂ ਜਾਣਾ ਚਾਹੁੰਦਾ, ਆਪਾਂ ਹਮੇਸ਼ਾ ਚੰਗੇ ਦੋਸਤ ਸੀ ਤੇ ਚੰਗੇ ਰਹਾਂਗੇ ਵੀ, ਕੁਝ ਗ਼ਲਤ ਨਾ ਸੋਚਿਓ, ਮੈਂ ਤੁਹਾਡੇ ਹੀ ਬਾਰੇ ਸੋਚ ਰਿਹਾ ਹਾਂ, ਅਮਨ ਨੇ ਹਲਕੀ ਜਿਹੀ ਮੁਸਕਾਨ ਕਰੀਂ ਤੇ ਕਿਹਾ ਮੈਂ ਸਮਝਦੀ ਹਾਂ, ਚੰਗਾ ਦੀਪ ਬਾਏ, ਮੈਨੂੰ ਨੀਂਦ ਆ ਰਹੀ ਆ ਸਵੇਰੇ ਮਿਲਦੇ ਹਾਂ... ਮੈਨੂੰ ਪਤਾ ਲੱਗ ਗਿਆ ਸੀ, ਕਿ ਉਸਨੂੰ ਇਹ ਚੰਗਾ ਨਹੀਂ ਲੱਗਾ, ਪਰ ਮੇਰੇ ਕੋਲ ਇਸ ਤੋਂ ਇਲਾਵਾ ਹੋਰ ਕੋਈ ਰਾਹ ਵੀ ਨਹੀਂ ਸੀ।

ਉਸ ਤੋਂ ਬਾਅਦ ਸਾਡੇ ਵਿੱਚ ਪਹਿਲਾਂ ਵਾਲੀ ਗੱਲ ਨਾ ਰਹੀ, ਇੱਕ ਦਿਨ ਸਵੇਰੇ ਮੀਂਹ ਆ ਕੇ ਹੱਟਿਆ ਸੀ, ਤੇ ਠੰਡੀ ਠੰਡੀ ਹਵਾ ਵਗ ਰਹੀ ਸੀ, ਮੈਂ ਇੱਕ ਕਵਿਤਾ ਲਿਖ ਰਿਹਾ ਸੀ, ਅਚਾਨਕ ਹੀ ਇੱਕ ਅਣਜਾਣ ਜਿਹੇ ਨੰਬਰ ਤੋਂ ਕਾੱਲ ਆਈ, ਕੋਈ ਪਾਠਕ ਸੀ, ਉਹ ਕਹਾਣੀ ਮੁਹੱਬਤ ਦੇ ਰੰਗ ਦੇ ਅਖਰੀਲੇ ਭਾਗ ਦੀ ਮੰਗ ਕਰ ਰਿਹਾ ਸੀ। ਮੈਨੂੰ ਖੁਦ ਨਹੀਂ ਸੀ ਸਮਝ ਆ ਰਿਹਾ ਕਿ ਇਸ ਕਹਾਣੀ ਦਾ ਆਖਰੀ ਭਾਗ ਕੀ ਹੋਵੇਗਾ, ਐਨੇ ਵਿਚ ਜੋ ਮੈਂ ਕਵਿਤਾ ਲਿਖ ਰਿਹਾ ਸੀ, ਉਹ ਡਾਇਰੀ ਆ , ਅਮਨ ਨੇ ਚੁੱਕ ਲਈ, ਮੈਂ ਉਹ ਕਵਿਤਾ ਵੀ ਅਮਨ ਦੇ ਨਾਮ ਹੀ ਲਿਖ ਰਿਹਾ ਸੀ, ਕਿਉਂਕਿ ਆਖਿਰ ਮੈਂ ਤਾਂ ਮੁੰਡਾ ਹਾਂ
ਉਹ ਕੁਝ ਇਸ ਪ੍ਰਕਾਰ ਸੀ :---

ਉਹਦੀਆਂ ਤਸਵੀਰਾਂ ਕਵੀਤਾਵਾਂ ਤੋਂ ਜ਼ਿਆਦਾ ਸਾਂਭ ਕੇ ਰੱਖੀਆਂ ਨੇ
ਦੁੱਧ ਪੀਣ ਵਾਲੇ ਹੁਣ ਜਾਮ ਦੇ ਆਦੀ ਹੋ ਗਏ ਨੇ, ਐਨਾ ਨਸ਼ਾ ਕੀਤਾ ਅੱਖੀਆਂ ਨੇ

ਵਿਚ ਖਿਆਲਾਂ ਉਹਦਾ ਸਾਡੇ ਐਨਾ ਆਉਣਾ ਜਾਣਾ ਰਹਿੰਦਾ ਏ
ਜਿੰਨੀਆਂ ਉਹਦੇ ਵਾਲਾਂ ਦੀ ਖ਼ੁਸਬੂ ਦੀਆਂ ਤਰੰਗਾਂ ,ਨਾ ਓਨੀਆ ਜਗਤ ਤੇ

ਮੱਖੀਆਂ ਨੇ

ਸਭ ਗਵਾ ਬੈਠਾ, ਸਭ ਲੁੱਟਾ ਬੈਠਾ, ਜੋ ਤਿਨਕਾ ਤਿਨਕਾ ਜੋੜਿਆ ਸੀ
ਵੇਖ ਉਹਦੇ ਨਾਂ ਕਵਿਤਾਵਾਂ ਲਿਖੀਆਂ ਅੱਜ ਆਇਤਾਂ ਵੀ ਤੇ ਹੱਸੀਆਂ ਨੇ

ਸਦਕੇ : ਅਮਨ

ਮੈਂ ਉਸ ਦੇ ਕੋਲ ਜਾ ਖੜ ਗਿਆ, ਉਸ ਨੇ ਹਲਕੀ ਜਿਹੀ ਮੁਸਕਾਨ ਕਰਦਿਆਂ ਕਿਹਾ, ਕੀ ਗੱਲ ਦੀਪ ਤੁਸੀਂ ਦੱਸਿਆ ਹੀ ਨਹੀਂ ਤੁਹਾਡੀ ਜ਼ਿੰਦਗੀ ਵਿਚ ਕੋਈ ਹੋਰ ਅਮਨ ਵੀ ਹੈ, ਮੈਂ ਉਹਦੇ ਵੱਲ ਵੇਖ ਕੇ ਮੁਸਕਾਇਆ, ਉਸ ਨੇ ਮੈਨੂੰ ਗੱਲਵਕੜੀ ਪਾ ਲਈ,ਉਹ ਕਿੰਨਾ ਹੀ ਚਿਰ ਮੈਨੂੰ ਗੱਲਵਕੜੀ ਪਾਈ ਖਲੋਈਂ, ਰਹੀ ਐਨੇ ਵਿਚ ਹੀ ਉਸਦੀ ਦੋਸਤ ਹੈਰੀ ਆ ਗਈ, ਉਸ ਨੇ ਝੂਠਾ ਜਿਹਾ ਖੰਗਿਆਂ, ਉਹ ਅਮਨ ਦੀ ਸਭ ਤੋਂ ਨੇੜਲੀ ਦੋਸਤ ਸੀ, ਉਸ ਤੋਂ ਬਾਅਦ ਅਸੀਂ ਕਿੰਨਾ ਚਿਰ ਹੀ ਬੈਠੇ ਗੱਲਾਂ ਕਰਦੇ ਰਹੇ, ਮੇਰੀ ਐੱਮ.ਏ ਪੂਰੀ ਹੋ ਚੁੱਕੀ ਸੀ ਤੇ ਅਮਨ ਦਾ ਦੂਸਰਾ ਸਾਲ ਸ਼ੁਰੂ ਹੋਇਆ ਸੀ, ਮੈਨੂੰ ਨਾਲਦੇ ਨਾਲ ਹੀ ਸਰਕਾਰੀ ਨੌਕਰੀ ਮਿਲ ਗਈ , ਇਸ ਲਈ ਮੈਂ ਅੱਗੇ ਦਾਖ਼ਲਾ ਨਾ ਲਿਆ, ਮੇਰੀ ਡਿਊਟੀ ਇੱਕ ਅਨਾਥ ਆਸ਼ਰਮ ਵਿਚ ਲੱਗ ਗਈ, ਮੈਂ ਸਵੇਰੇ ਹੀ ਸਕੂਲ ਚਲਾ ਜਾਂਦਾ ਤੇ ਉਸਤੋਂ ਬਾਅਦ ਆ ਘਰ ਟਿਉਸ਼ਨ ਪੜਾ ਲੈਂਦਾ, ਮੇਰੀ ਹੁਣ ਅਮਨ ਨਾਲ ਵੀ ਗੱਲਬਾਤ ਘੱਟ ਹੀ ਹੁੰਦੀ, ਵੈਸੇ ਅੱਜ ਕੱਲ੍ਹ ਉਹ ਆਪ ਤਾਂ ਫੋਨ ਜਾਂ ਮੈਸਜ਼ ਕਰਨਾ ਭੁੱਲ ਹੀ ਗਈ ਸੀ, ਜੇਕਰ ਮੈਂ ਉਸ ਨੂੰ ਕਰਦਾ ਫੇਰ ਹੀ ਉਹ ਕਰਦੀ, ਮੈਨੂੰ ਲੱਗ ਰਿਹਾ ਸੀ ਕਿ ਉਸਦੀ ਜ਼ਿੰਦਗੀ ਵਿਚ ਕੋਈ ਹੋਰ ਆ ਗਿਆ ਹੈ, ਉਹ ਮੇਰੇ ਨਾਲ ਨਿੱਕੀ ਨਿੱਕੀ ਗੱਲ ਉੱਪਰ ਲੜ ਪੈਂਦੀ ਸੀ, ਮੈਨੂੰ ਕੁਝ ਸਮਝ ਨਹੀਂ ਸੀ ਲੱਗ ਰਹੀ, ਅਖੀਰ ਫੇਰ ਮੈਂ ਵੀ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ

ਇੱਕ ਦਿਨ ਕੀ ਹੋਇਆ,ਪੇਪਰਾਂ ਦੇ ਦਿਨ ਸੀ, ਅਧਿਆਪਕ ਘੱਟ ਹੋਣ ਕਰਕੇ ਮੇਰੀ ਡਿਊਟੀ ਛੇਵੀਂ ਜਮਾਤ ਵਿਚ ਲਗਾ ਦਿੱਤੀ, ਮੈਂ ਬੱਚਿਆਂ ਨੂੰ ਪੰਜਾਬੀ ਦੀ ਪਾਠ ਪੁਸਤਕ ਪੜਾ ਰਿਹਾ, ਜਦੋਂ ਪਾਠ ਪੂਰਾ ਹੋਇਆ ਤਾਂ ਮੈਂ ਪੁੱਛਿਆ ਪੁੱਤ ਸਾਰਿਆਂ ਨੂੰ

www.PunjabiLibrary.com

ਸਮਝ ਆ ਗਿਆ, ਤਾਂ ਇੱਕ ਹੂਬਹੂ ਸਹਿਜ ਦੇ ਵਰਗੀ ਬੱਚੀ ਖੜੀ ਹੋਈ, ਉਸਨੇ ਜੋ ਬੋਲਿਆ ਮੈਨੂੰ ਸੁਣਾਈ ਨਹੀਂ ਦਿੱਤਾ, ਮੈਂ ਵੇਖ ਕੇ ਹੈਰਾਨ ਸੀ, ਕਿ ਭਲਾਂ ਹੂਬਹੂ ਸਹਿਜ ਦੇ ਵਰਗੀ ਬੱਚੀ ਏਸ ਅਨਾਥ ਆਸ਼ਰਮ ਵਿਚ ਕਿੱਥੋਂ ਆਈ, ਮੈਨੂੰ ਇੱਕ ਹਫ਼ਤਾ ਇਹੀ ਸੋਚਦਿਆਂ ਲੰਘ ਗਿਆ, ਅਖੀਰ ਮੈਂ ਪ੍ਰਿੰਸੀਪਲ ਤੋਂ ਜਦ ਪਤਾ ਕੀਤਾ ਤਾਂ ਇਸ ਬੱਚੀ ਦਾ ਨਾਂ ਮਹਿਕ ਸੀ ਤੇ ਇਸ ਦੀ ਮਾਂ ਦਾ ਨਾਂ ਸਹਿਜ ਸੀ, ਮੈਨੂੰ ਨਹੀਂ ਸੀ ਪਤਾ ਕਿ ਮਹਿਕ ਇਸ ਸਕੂਲ ਵਿੱਚ ਪੜ੍ਹਦੀ ਹੈ, ਨਾਹੀਂ ਮੈਂ ਇਸ ਤੋਂ ਪਹਿਲਾਂ ਕਦੇ ਉਸ ਨੂੰ ਵੇਖਿਆ ਸੀ, ਮੈਂ ਮਹਿਕ ਨੂੰ ਉਸ ਦੀ ਕਲਾਸ ਵਿੱਚ ਜਾ ਘੁੱਟ ਕੇ ਸੀਨੇ ਨਾਲ ਲਾ ਲਿਆਂ, ਮੈਨੂੰ ਉਹ ਆਪਣੀ ਹੀ ਬੱਚੀ ਲੱਗੀ, ਮੈਂ ਮਹਿਕ ਨੂੰ ਜਦੋਂ ਪੁੱਛਿਆ ਕਿ ਪੁੱਤ ਤੇਰੇ ਮੰਮੀ ਕਿੱਥੇ ਨੇ.. ਤਾਂ ਉਸਨੇ ਜਵਾਬ ਦਿੱਤਾ... ਮੇਰੇ ਤਾਂ ਮੰਮੀ ਹੈ ਹੀ ਨਹੀਂ...ਇਹ ਸੁਣ ਕੇ ਮੇਰੀਆਂ ਅੱਖਾਂ ਦੁਬਾਰਾ ਭਰ ਆਈਆਂ, ਫੇਰ ਜਿਸ ਨੇ ਮਹਿਕ ਨੂੰ ਇਸ ਆਸ਼ਰਮ ਵਿਚ ਦਾਖ਼ਲ ਕਰਵਾਇਆ ਸੀ, ਮੈਂ ਉਸ ਦਾ ਪਤਾ ਲਿਆ ਤੇ ਉਸ ਦੇ ਘਰ ਮਿਲਣ ਗਿਆ, ਤਾਂ ਉਹਨਾਂ ਨਾਲ ਗੱਲਬਾਤ ਕਰਕੇ ਮੈਂ ਅਸਚਰਜ ਰਹਿ ਗਿਆ, ਮਹਿਕ ਨੂੰ ਆਸ਼ਰਮ ਵਿਚ ਦਾਖ਼ਲ ਕਰਵਾਉਣ ਵਾਲਾ ਉਸਦਾ ਨਾਨਾ ਸੀ ,

ਉਸਨੇ ਮੈਨੂੰ ਦੱਸਿਆ ਕਿ ਸਹਿਜ ਮੇਰੇ ਇੱਕਲੌਤੀ ਧੀ ਸੀ, ਉਸਦੀ ਮਾਂ ਦੇ ਲਾਡਾਂ ਪਿਆਰਾਂ ਨੇ ਉਸ ਨੂੰ ਜ਼ਿਆਦਾ ਵਿਗਾੜ ਦਿੱਤਾ, ਪਹਿਲਾਂ ਉਸਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ, ਤੇ ਫੇਰ ਆਪਣੀ ਹੀ ਮਰਜ਼ੀ ਨਾਲ ਉਸਨੂੰ ਤਲਾਕ ਦੇ ਦਿੱਤਾ ਤੇ ਇਸ ਨੰਨੀ ਜਾਨ ਨੂੰ ਏਥੇ ਛੱਡ ਕੇ ਖੁਦ ਪੰਜ ਸਾਲ ਪਹਿਲਾਂ ਗਲ਼ ਫਾਹਾ ਲੈ ਆਤਮ ਹੱਤਿਆਂ ਕਰ ਗਈ, ਤੇ ਉਸ ਦੇ ਪਤੀ ਨੇ ਪਹਿਲਾਂ ਹੀ ਸਹਿਜ ਦੀ ਸਾਰੀ ਜ਼ਮੀਨ ਜਾਇਦਾਦ ਆਪਣੇ ਨਾਂ ਲਗਵਾ ਲਈ ਸੀ, ਜਿਸ ਕਾਰਨ ਪੁੱਤ ਹੁਣ ਸਾਡਾ ਗੁਜ਼ਾਰਾ ਬਸ ਇਹ ਮਕਾਨ ਨੂੰ ਕਰਾਏ ਉੱਪਰ ਲਾ ਕੇ ਚੱਲਦਾ ਹੈ, ਤਾਂ ਹੀ ਅਸੀਂ ਮਹਿਕ ਨੂੰ ਅਨਾਥ ਆਸ਼ਰਮ ਵਿਚ ਦਾਖ਼ਲ ਕਰਵਾ ਦਿੱਤਾ, ਸਾਵਣ ਦੇ ਪਿਤਾ ਦੇ ਹੰਝੂ_ਮੇਰੇ ਵੇਖੇ ਨਹੀਂ ਸਨ ਜਾ ਰਹੇ... ਐਨੇ ਵਿਚ ਹੀ ਮੇਰਾ ਫੋਨ ਖੜਕਿਆ ਅਮਨ ਦਾ ਫੋਨ ਸੀ, ਉਸ ਨੇ ਬਿਨਾਂ ਮੇਰੀ ਆਵਾਜ਼ ਸੁਣੇ ਇਹ ਕਹਿ

www.PunjabiLibrary.com

ਫੋਨ ਕੱਟ ਦਿੱਤਾ, ਮੈਂ ਕਿਸੇ ਹੋਰ ਨੂੰ ਪਿਆਰ ਕਰਦੀ ਹਾਂ, ਮੈਨੂੰ ਅੱਜ ਤੋਂ ਬਾਅਦ ਕੋਈ ਵੀ ਕਿਸੇ ਤਰ੍ਹਾਂ ਦਾ ਸੰਪਰਕ ਨਾ ਕਰਨਾ... ਮੈਨੂੰ ਅਮਨ ਦੀ ਜ਼ਿੰਦਗੀ ਸਹਿਜ ਦੀ ਜ਼ਿੰਦਗੀ ਦੇ ਰਾਹ ਵੱਲ ਜਾਂਦੀ ਵਿੱਖ ਰਹੀ ਸੀ, ਸਹਿਜ ਦੇ ਪਿਤਾ ਦੇ ਮੇਰੀ ਦਿੱਤੀ ਘੜੀ ਹੱਥ ਤੇ ਟਿਕ ਟਿਕ ਕਰਦੀ ਅਚਾਨਕ ਰੁੱਕ ਗਈ, ਸਹਿਜ ਦੇ ਪਿਤਾ ਨੇ ਦੱਸਿਆ ਕਿ ਆ ਘੜੀ ਮੈਨੂੰ ਸਹਿਜ ਨੇ ਦਿੱਤੀ ਸੀ।

*****

ਨੋਟ : ਇਸ ਕਹਾਣੀ ਵਿਚ ਇੱਕ ਦੀਪ ਨਾਂ ਦਾ ਪਾਤਰ ਹੈ, ਜੋ ਸਹਿਜ ਨਾਮ ਦੀ ਸ਼ਾਦੀਸ਼ੁਦਾ ਲੜਕੀ ਦੇ ਨਾਲ ਸੁਰਖ਼ਰੂ ਹੁੰਦਾ ਹੈ ਤੇ ਇਹ ਦੋਵੇਂ ਬਾਕੀ ਰਿਸ਼ਤਿਆਂ ਨੂੰ ਭੁੱਲ ਆਪਣੀ ਜਿਸਮਾਨੀ ਜ਼ਰੂਰਤਾਂ ਲਈ ਇੱਕ ਦੂਜੇ ਨੂੰ ਵਰਤਦੇ ਹਨ, ਅਤੇ ਦੀਪ ਨੂੰ ਸਹਿਜ ਨਾਲ਼ ਪਿਆਰ ਹੋ ਜਾਂਦਾ ਹੈ, ਪਰ ਸਹਿਜ ਆਪਣੀ ਜਿਸਮਾਨੀ ਜ਼ਰੂਰਤ ਲਈ ਕੋਈ ਕਿਸੇ ਹੋਰ ਨੂੰ ਚੁਣ ਲੈਂਦੀ ਹੈ, ਜਦੋਂ ਉਹ ਉਸ ਨੂੰ ਛੱਡ ਕੇ ਚਲਾ ਜਾਂਦਾ ਹੈ, ਉਹ ਫਿਰ ਤੋਂ ਦੀਪ ਉੱਪਰ ਆਪਣਾ ਜਾਲ ਬੁਣਦੀ ਹੈ, ਤੇ ਉਹਨਾਂ ਵਿੱਚ ਫੇਰ ਜਿਸਮਾਨੀ ਰਿਸ਼ਤਾ ਬਣਦਾ ਹੈ, ਜਦੋਂ ਏਸ ਗੱਲ ਦਾ ਪਤਾ ਸਹਿਜ ਦੇ ਪਤੀ ਨੂੰ ਲੱਗਦਾ ਹੈ ਤਾਂ ਉਹ ਉਸ ਤੋਂ ਤਲਾਕ ਲੈ ਲੈਂਦਾ ਹੈ, ਤੇ ਸਹਿਜ ਆਪਣੀ ਉੱਜੜੀ ਹੋਈ ਜ਼ਿੰਦਗੀ ਨੂੰ ਵੇਖ ਆਤਮ ਹੱਤਿਆਂ ਕਰ ਲੈਂਦੀ ਹੈ,ਇਸ ਕਹਾਣੀ ਨੂੰ ਲਿਖਣ ਦਾ ਮੁੱਖ ਕਾਰਨ ਇਹ ਹੈ, ਕਿ ਅੱਜ ਦੇ ਸਮੇਂ ਵਿਚ ਬਹੁਤ ਸਾਰੇ ਮੁੰਡੇ, ਕੁੜਿਆ, ਇੱਕ ਦੂਸਰੇ ਨੂੰ ਸਮਝੇ ਬਗੈਰ ਸਿਰਫ ਪੈਸੇ ਦੇ ਲਾਲਚ ਲਈ ਘਰਦਿਆਂ ਦੇ ਕੋਲੋਂ ਵੱਖ ਹੋ ਵਿਆਹ ਕਰਵਾ ਲੈਂਦੇ ਹਨ , ਜਦੋਂ ਉਹ ਉਹਨਾਂ ਦੀਆਂ ਜਿਸਮਾਨੀ ਜ਼ਰੂਰਤਾਂ ਨਹੀਂ ਪੂਰੀਆਂ ਹੁੰਦੀਆਂ ਉਹ ਕਿਸੇ ਦੀਪ ਵਰਗੇ ਇਨਸਾਨ ਨੂੰ ਚੁਣਦੇ ਹਨ, ਜ਼ਰੂਰੀ ਨਹੀਂ ਉਹ ਕੁੜੀ ਹੀ ਹੋਵੇ ਇਹ ਮੁੰਡਾ ਵੀ ਹੋ ਸਕਦਾ,ਹੋ ਸਕਦਾ ਉਸਨੇ ਕੁੜੀ ਨਾਲ ਪੈਸੇ ਲਈ ਵਿਆਹ ਕਰਵਾਇਆ ਹੋਵੇ...ਬਸ ਨਤੀਜਾ ਏਹੀ ਨਿਕਲ਼ਦਾ ਹੈ ਜਾਂ ਤਾਂ ਮੌਤ ਕਰ ਲੈਂਦੇ ਹਨ ਜਾਂ ਕਿਸੇ ਹੋਰ ਸਦਮੇ ਵਰਗੀ ਭੈੜੀ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ

www.PunjabiLibrary.com

ਹਨ।

******

ਇਸੇ ਤਰ੍ਹਾਂ ਦੀ ਇੱਕ ਹੋਰ ਅਸਲ ਜ਼ਿੰਦਗੀ ਦੀ ਕਹਾਣੀ ਲੈ ਕੇ ਅਸੀਂ ਤੁਹਾਡੇ ਜਲਦੀ ਰੂਬਰੂ ਹੋਵੇਗੇਂ, ਇਸ ਕਹਾਣੀ ਬਾਰੇ ਆਪਣੇ ਵਿਚਾਰ ਅਤੇ ਇਸ ਨਾਲ ਸਬੰਧਤ ਹੋਰ ਵਿਚਾਰ ਵਟਾਂਦਰਾ ਜ਼ਰੂਰ ਕਰਨਾ

ਆਪ ਸਭ ਜੀ ਦਾ ਬਹੁਤ ਬਹੁਤ ਧੰਨਵਾਦ ਜੀ

ਨੋਟ : ਇਸ ਕਹਾਣੀ ਬਾਰੇ ਆਪਣੇ ਵਿਚਾਰ ਅਤੇ ਇਸ ਕਹਾਣੀ ਦਾ ਅਗਲਾ ਭਾਗ ਪੜਨ ਲਈ ਤੇ ਹੋਰਨਾਂ ਕਹਾਣੀਆਂ ਨੂੰ ਪੜਨ ਲਈ ਤੁਸੀਂ ਸਾਡੇ ਇਹਨਾਂ ਨੰਬਰਾਂ ਤੇ ਸੰਪਰਕ ਜਾਂ ਵਾੱਸਟਅੱਪ ਮੈਸਜ ਕਰ ਸਕਦੇ ਹੋ।


## ✍ ਸੁਖਦੀਪ ਸਿੰਘ ਰਾਏਪੁਰ

( 8699633924 )

( Only contact for whatsapp)



**Read more books from Sukhdeep Singh Raipur on below link**

**http://punjabilibrary.com/authors/sukhdeep-singh/**

**www.PunjabiLibrary.com**